

# ਉਡਾਰੀ

ਸੁਖਿੰਦਰ ਕਾਲਰਾ

# ਆਪਣੀ ਗੱਲ

ਪਿਛਲੇ ਕਈ ਸਾਲਾਂ ਤੋਂ ਮੈਂ ਸ਼ਬਦਾਂ ਦੇ ਅਥਾਹ ਸਾਗਰ 'ਚੋਂ ਕੁਝ ਇਕ ਮੋਤੀ ਚੁਣ ਕੇ ਉਨ੍ਹਾਂ ਨੂੰ ਕਵਿਤਾ ਦੇ ਰੂਪ ਵਿਚ ਸਹੇਜਦੀ ਰਹੀ ਹਾਂ । ਸਾਗਰ ਬਹੁਤ ਡੂੰਘਾ ਸੀ ਤੇ ਮੋਤੀ ਅਣਗਿਣਤ; ਜਿਉਂ ਜਿਉਂ ਸਮੇਟਦੀ ਗਈ, ਝੋਲੀ ਵੀ ਉਵੇਂ ਹੀ ਵੱਡੀ ਹੁੰਦੀ ਗਈ ।

ਬਚਪਨ ਤੋਂ ਹੀ ਕਵੀ ਸੰਮੇਲਨਾਂ ਅਤੇ ਕਵੀ ਗੋਸ਼ਟੀਆਂ ਵਿਚ ਜਿਹੜਾ ਕਚਿਤਾਵਾਂ ਦਾ ਰਸ ਲੈਂਦੀ ਰਹੀ ਤਾਂ ਸ਼ਾਇਦ ਉਹ ਕਿਤੇ ਅੰਦਰ ਹੀ ਅੰਦਰ ਅਪਣਾ ਸਥਾਈ ਪ੍ਰਭਾਵ ਛੱਡਦਾ ਚਲਾ ਗਿਆ । ਪਰ ਅੰਦਰ ਤੋਂ ਭਾਵ ਉਛਾਲੇ ਮਾਰ ਕੇ ਬਾਹਰ ਆਏ ਹੋਣ, ਅਜਿਹਾ ਕੁਝ ਵੀ ਨਹੀਂ ਹੋਇਆ । ਕਦੀ-ਕਦੀ ਇੰਝ ਮਹਿਸੂਸ ਹੁੰਦਾ ਸੀ ਕਿ ਸ਼ਾਇਦ ਨ੍ਰਿਤ, ਸੰਗੀਤ ਤੇ ਚਿੱਤਰਕਲਾ ਆਦਿ ਵਿਚ ਘਿਰੀ ਹੋਈ, ਕਾਵਿ ਕਲਾ ਨੂੰ ਕਦੀ ਛੂਹ ਵੀ ਨਾ ਸਕੀ ।

ਇਕ ਦਿਨ ਇਕ ਬੁਗਨਵਿਲੀਆ ਦੀ ਵੇਲ ਨੂੰ ਨਿਹਾਰਦੇ ਹੋਏ, ਕੁਝ ਕਾਵਿ ਪੰਕਤੀਆਂ ਉਭਰ ਆਈਆਂ ਤਾਂ ਜਾਪਿਆ ਕਿ ਕੁਝ ਖ਼ਾਸ ਵਾਪਰਿਆ ਹੈ। ਇਕ ਅਹਿਸਾਸ ਹੋਇਆ ਬੇਹੱਦ ਸੁਖਦਾਈ । ਫਿਰ ਅਚਨਚੇਤ ਹੀ ਕਿਤੇ ਅੰਦਰੋਂ ਇਕ ਭਾਵਭਿੰਨੀ ਕਵਿਤਾ ਫੁੱਟ ਪਈ ਤੇ ਮਹਿਸੂਸ ਹੋਇਆ ਕਿ ਜਿਵੇਂ ਅੰਦਰ ਕੋਈ ਚਟਾਨ ਤਿੜਕ ਗਈ ਹੋਏ ਤੇ ਇਕ ਪਿਆਰ ਦਾ ਚਸ਼ਮਾ ਫੁਟ ਪਿਆ ਹੋਵੇ । ਇਹ ਕਵਿਤਾ ਸੀ, 'ਕਲਾਕਾਰ ਰੁੱਸ ਗਿਆ ਏ'। ਇਸ ਕਾਵਿ ਕ੍ਰਿਤੀ ਨੇ ਤਾਂ ਮੈਨੂੰ ਅਪਣੇ ਮੋਹ ਜਾਲ ਵਿਚ ਹੀ ਬੰਨ੍ਹ ਲਿਆ। ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੈਂ ਵੀ ਇਸ ਕਲਾ ਦੇ ਮਾਧਿਅਮ ਨਾਲ ਕੁਝ ਕਹਿ ਸਕਾਂਗੀ ।

ਬਸ ਉਹ ਦਿਨ ਤੇ ਇਹ ਦਿਨ; ਕਵਿਤਾ ਦਾ ਇਕ ਸਿਲਸਿਲਾ ਜਿਹਾ ਚਲ ਪਿਆ । ਸੰਗੀਤ, ਸਮਾਜ, ਖੋਖਲੀ ਰਾਜਨੀਤੀ ਤੇ ਇਨਸਾਨੀ ਪੀੜ ਆਦਿ ਕੋਈ ਵੀ ਵਿਸ਼ਾ ਬਣ ਜਾਂਦਾ ਤੇ ਸ਼ਬਦਾਂ ਦੇ ਸਾਂਚੇ ਵਿੱਚ ਢਲ ਜਾਂਦਾ। ਭਾਵਨਾਵਾਂ ਹਿੰਦੀ, ਪੰਜਾਬੀ ਤੇ ਅੰਗ੍ਰੇਜ਼ੀ ਤਿੰਨਾਂ ਭਾਸ਼ਾਵਾਂ ਵਿਚ ਕਵਿਤਾ ਦਾ ਰੂਪ ਲੈਣ ਲੱਗੀਆਂ ।

ਇਕ ਵਾਰ ਪੱਤਝੜ ਦੇ ਸੁੱਕੇ ਖਿਲਰੇ ਪੱਤਿਆਂ ਤੇ ਤੁਰਦੇ ਜਿਵੇਂ ਇਕ ਠੇਸ ਜਿਹੀ ਲੱਗੀ । ਇੰਝ ਮਹਿਸੂਸ ਹੋਇਆ ਜਿਵੇਂ ਕਿਸੇ ਦੀਆਂ ਪਸਲੀਆਂ ਤਿੜਕ ਗਈਆਂ ਹੋਣ, ਤੇ ਰਾਹ ਚਲਦਿਆਂ ਹੀ ਇਕ ਕਵਿਤਾ ਨੇ ਜਨਮ ਲੈ ਲਿਆ ।

ਇਕ ਬਹੁਤ ਹੀ ਪਿਆਰਾ ਅਨੁਭਵ ਹੋਇਆ ਮੈਨੂੰ ਕੁਝ ਵਰ੍ਹੇ ਪਹਿਲਾਂ, ਸਰਦ ਸਵੇਰੇ ਜਦ ਮੈਂ ਪੱਤਿਆਂ ਤੇ ਤ੍ਰੇਲ-ਤੁਪਕਿਆਂ ਨੂੰ ਲੜੀਆਂ ਵਿਚ ਪਰੋਏ ਵੇਖਿਆ ਤਾਂ ਜਾਪਿਆ ਜਿਵੇਂ ਸੂਰਜ ਦੀਆਂ ਪਹਿਲੀਆਂ ਕਿਰਨਾਂ, ਹਲਕੀ ਧੁੰਧ ਨੂੰ ਪਾਰ ਕਰਦੀਆਂ, ਉਨ੍ਹਾਂ ਤੁਪਕਿਆਂ ਵਿਚ ਅਪਣਾ ਪ੍ਰਤਿਬਿੰਬ ਲੱਭ ਰਹੀਆਂ ਹੋਣ, ਤਾਂ ਉਸ ਸਾਰੇ ਦ੍ਰਿਸ਼ ਨੇ ਮੈਨੂੰ ਅੰਦਰੋਂ ਹਿਲਾ ਦਿੱਤਾ । ਕੁਝ ਇੰਜ ਜਾਪਿਆ ਜਿਵੇਂ ਰਾਤ ਦੇ ਹੰਝੂ ਚਾਰੋਂ ਪਾਸੇ ਬਿਖਰੇ ਪਏ ਹੋਣ। ਉਸ ਸਾਰੇ'ਚੋਂ ਉਪਜੀ ਕਵਿਤਾ, 'ਰਾਤ ਦਾ ਰੁਦਨ'।

ਸੱਚ ਜਾਣਨਾਂ, ਪਹਿਲੀ ਵਾਰ ਮੈਨੂੰ ਲਲਿਤ ਕਲਾਵਾਂ 'ਚੋਂ ਕਾਵਿ ਕਲਾ ਦਾ ਸਥਾਨ ਸਰਵੋਤਮ ਜਾਪਿਆ । ਮੈਂ ਸੋਚ ਰਹੀ ਸਾਂ ਕਿ ਉਸ ਅਵਸਥਾ ਵਿਚ, ਭਾਂਵਨਾਵਾਂ ਦੀ ਅਭਿਵਿਅਕਤੀ, ਭਵਨ ਨਿਰਮਾਣ ਕਲਾ, ਮੂਰਤੀ ਕਲਾ, ਚਿੱਤਰਕਲਾ ਤਾਂ ਕੀ, ਸੰਗੀਤ ਵੀ ਉਤਨੀ ਪੂਰਣਤਾ ਨਾਲ ਨਾ ਕਰ ਸਕਦੀ ਜਿੰਨੀ ਕਿ ਕਵਿਤਾ ਨਾਲ  ਨਾ ਕਰ ਸਕਦੀ ਜਿੰਨੀ ਕਿ ਕਵਿਤਾ ਨਾਲ ਕੀਤੀ ਜਾ ਸਕੀ ।

ਇਸ ਪ੍ਰਸੰਗ ਦਾ ਇੱਥੇ ਇਸ ਲਈ ਜ਼ਿਕਰ ਕੀਤਾ ਹੈ ਕਿਉਂਕਿ ਮੈਂ ਇਸ ਗੱਲ ਨੂੰ ਬਹੁਤ ਗਹਿਰਾਈ ਤੱਕ ਅਨੁਭਵ ਕੀਤਾ ਸੀ । ਮੈਨੂੰ ਚਿੱਤਰਕਲਾ, ਮੂਰਤੀਕਲਾ, ਨ੍ਰਿਤ ਤੇ ਸੰਗੀਤ, ਸਾਰਿਆਂ ਦੇ ਡੂੰਘੇ ਅਧਿਐਨ-ਅਧਿਆਪਨ ਦੇ ਨਾਲ-ਨਾਲ ਉਨ੍ਹਾਂ ਨੂੰ ਰਚਨਾਤਮਕ ਰੂਪ ਦੇਣ ਦਾ ਵੀ ਕਾਫ਼ੀ ਮੌਕਾ ਮਿਲਿਆ । ਪਰ ਪਤਾ ਨਹੀਂ ਕਦੋਂ ਤੇ ਕਿਵੇਂ ਕਾਵਿ ਮਲਕੜੇ ਜਿਹੇ ਇਨ੍ਹਾਂ ਸਾਰੀਆਂ ਕਲਾਵਾਂ ਤੋਂ ਅੱਗੇ ਨਿਕਲ ਗਿਆ ।

ਰਾਹ ਜਾਂਦੇ ਕਿਸੇ ਰਿਕਸ਼ਾ ਵਾਲੇ ਨੂੰ, ਬੱਚਿਆਂ ਨੂੰ ਸਕੂਲ ਜਾਂਦੇ ਦੇਖ ਕੇ ਇਕ ਆਹ ਉਭਰੀ ਜਿਹੜੀ 'ਸਿਸਕਦੇ ਅਰਮਾਨ' ਦੇ ਰੂਪ ਵਿਚ ਢਲ ਗਈ ।

ਝੁੱਗੀਆਂ ਦੀਆਂ ਟੁੱਟੀਆਂ ਛੱਤਾਂ ਨੇ ਜਨਮ ਦਿੱਤਾ 'ਕਿੱਥੋਂ ਤਕ ਸਹਾਂ ਮੈਂ' ਜਿਹੀ ਕਵਿਤਾ ਨੂੰ, ਜ਼ੰਜੀਰਾਂ ਵਿਚ ਬੰਨ੍ਹੀਆਂ ਕੁਰਸੀਆਂ ਨੇ ਇਕ ਰਾਜਨੀਤਕ ਵਿਅੰਗ ਦਾ ਰੂਪ ਲੈ ਲਿਆ, 'ਕੁਰਸੀ ' ਦੇ ਰੂਪ ਵਿਚ ।

ਖਿੜਕੀ ਦੇ ਟੁੱਟੇ ਸ਼ੀਸ਼ਿਆਂ ਦੀ ਰੂਪ-ਰੇਖਾ ਤੇ ਆਧਾਰਿਤ ਕਵਿਤਾਵਾਂ ਉਭਰੀਆਂ 'ਪਿਆਰ ਭਰੇ ਦੋ ਬੋਲ' ਤੇ 'ਸ਼ੀਸ਼ੇ ਦੀਆਂ ਤਲਵਾਰਾਂ' ।

ਸੜਕ ਤੇ ਕੰਮ ਕਰਦੀ ਦੱਖਣ ਭਾਰਤੀ ਨਾਰ ਦੀ ਮੁਸਕਾਨ ਨੇ ਤਾਂ ਜਿਵੇਂ ਮੇਰਾ ਦਿਲ ਹੀ ਮੋਹ ਲਿਆ ਤੇ ਕਵਿਤਾ ਬਣੀ 'ਇਹ ਅਨਮੋਲ ਮੁਸਕਾਨਾਂ'। ਕੈਕਟਸ ਦੇ ਇਕ ਬੂਟੇ ਨੇ ਵਿਚਾਰਾਂ ਦੀ ਦੁਨੀਆਂ ਵਿਚ ਕਿਧਰੇ ਕੁਝ ਹਿਲਾ ਦਿੱਤਾ। ਜਿਸਨੇ 'ਕੈਕਟਸ ਤੇ ਖ਼ੁਦਾ' ਦਾ ਰੂਪ ਲੈ ਲਿਆ ।

ਕੁਝ ਵਰ੍ਹੇ ਪਹਿਲਾਂ ਜਦੋਂ ਮੈਨੂੰ ਆਪਣੇ ਕੈਂਸਰ ਦੇ ਰੋਗ ਦੇ ਬਾਰੇ ਪਤਾ ਲੱਗਿਆ ਤਾਂ ਕਾਵਿ ਨੇ ਹੀ ਆਪਣੇ ਕੋਮਲ ਹੱਥਾਂ ਨਾਲ ਮੇਰੀ ਦੁਖਦੀ ਰਗ ਤੇ ਮਲ੍ਹਮ ਲਾਇਆ। ਉਸ ਸਮੇਂ 'ਦਰਦ ਦਾ ਅਹਿਸਾਸ', 'ਦਰਦ ਨਾਲ ਰਿਸ਼ਤਾ', 'ਦਰਦ ਦੇ ਰਿਸ਼ਤੇ' ਜਿਹੀਆਂ ਕਵਿਤਾਵਾਂ ਨੇ ਮੇਰੇ ਹੰਝੂਆਂ ਨੂੰ ਸਮੇਟ ਲਿਆ।

ਇਸ ਤਰ੍ਹਾਂ ਮੇਰੇ ਜੀਵਨ ਦੇ ਅਨੁਭਵ ਹੌਲੀ-ਹੌਲੀ ਕਾਵਮਈ ਹੁੰਦੇ ਗਏ।

ਮੇਰੀ ਸਭ ਤੋਂ ਸੁਖਦਾਈ ਅਨੁਭੂਤੀ ਇਹ ਰਹੀ ਕਿ ਇਨ੍ਹਾਂ ਕਵਿਤਾਵਾਂ ਨੇ ਮੇਰੇ ਜੀਵਨ ਨੂੰ ਤਾਂ ਝਣਕਾਰਿਆ ਹੀ, ਨਾਲ ਹੀ ਮੇਰੀ ਚਿੱਤਰਕਲਾ ਵੀ ਕਾਵਮਈ ਹੋਣ ਲੱਗੀ। ਸਿਰਜਣ ਦਾ ਹਰ ਪਲ ਮੇਰੇ ਲਈ ਵਿਸਮਾਦ ਭਰਪੂਰ ਰਿਹਾ ਹੈ।

# ' ਤੜ੍ਹਾਨ ' ਤੋਂ ਉਡਾਰੀ ਤਕ
(ਇਸ ਕਵਿਤਾ-ਸੰਗ੍ਰਹਿ ਦੇ ਅਨੁਵਾਦ ਬਾਰੇ)

ਉੜਾਨ (ਤੜ੍ਹਾਨ) ਮੂਲ ਰੂਪ ਵਿਚ ਮੇਰੀਆਂ ਹਿੰਦੀ ਕਵਿਤਾਵਾਂ ਦਾ ਸੰਗ੍ਰਹਿ ਹੈ। ਪਿਛਲੇ ਵਰ੍ਹੇ ਹੀ ਸੁਹਿਰਦ ਪਾਠਕਾਂ ਦੇ ਹੱਥਾਂ ਵਿਚ ਆਇਆ ਇਸ ਕਾਵਿ-ਸੰਗ੍ਰਹਿ ਨੂੰ ਸਭ ਵਲੋਂ ਨਿੱਘਾ ਅਤੇ ਪਿਆਰ ਭਰਿਆ ਹੁੰਗਾਰਾ ਮਿਲਿਆ । ਸ਼ਾਇਦ ਮੇਰੇ ਦਿਲ ਦੇ ਵਲਵਲੇ ਕਿਤੇ ਮੇਰੇ ਪਾਠਕਾਂ ਨੂੰ ਛੂਹ ਗਏ ਜਾਂ ਜੀਵਨ ਦੀ ਗਹਿਰਾਈ ਦਾ ਮੇਰਾ ਨਜ਼ਰੀਆ ਉਨ੍ਹਾਂ ਦੇ ਦਿਲਾਂ ਨੂੰ ਟੁੰਬ ਗਿਆ । ਪਾਠਕਾਂ ਦੇ ਇਸ ਪਿਆਰ ਭਰੇ ਹੁੰਗਾਰੇ ਤੋਂ ਪ੍ਰੇਰਿਤ ਹੋ ਮੈਂ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਕਰਨ ਦਾ ਨਿਸ਼ਚਾ ਕੀਤਾ ਤਾਕਿ ਪੰਜਾਬੀ ਪਾਠਕਾਂ ਤਕ ਵੀ ਆਪਣੇ ਇਨ੍ਹਾਂ ਵਿਚਾਰਾਂ ਨੂੰ ਪਹੁੰਚਾ ਸਕਾਂ ।

ਉੜਾਨ ਦਾ ਅੰਗ੍ਰੇਜ਼ੀ ਰੁਪਾਂਤਰ ਅਤੇ ਪੰਜਾਬੀ ਵਿਚ ਲਿਖੀਆਂ ਮੇਰੀਆਂ ਮੌਲਿਕ ਕਵਿਤਾਵਾਂ ਦਾ ਸੰਗ੍ਰਹਿ ਵੀ ਜਲਦੀ ਹੀ ਮੈਂ ਆਪ ਤਕ ਪਹੁੰਚਾਉਣ ਦੀ ਕੋਸ਼ਿਸ਼ ਵਿਚ ਹਾਂ। ਅਲੱਗ-ਅਲੱਗ ਭਾਸ਼ਾਵਾਂ ਦੀ ਖ਼ੁਸ਼ਬੂ ਵਿਚ ਆਪਣੇ ਵਿਚਾਰਾਂ ਨੂੰ ਵੇਖ ਕੇ ਮੈਂ ਇਕ ਅਨੋਖੇ ਆਨੰਦ ਦਾ ਅਨੁਭਵ ਕਰ ਰਹੀ ਹਾਂ। ਮੇਰਾ ਮਨ ਤਾਂ ਹੁਣ ਬਾਰ-ਬਾਰ ਇਹੀ ਕਹਿੰਦਾ ਏ ਕਿ ਬਈ ਹੋਰ ਵੀ ਬਹੁਤ ਸਾਰੀਆਂ ਭਾਸ਼ਾਵਾਂ ਸਿਖ ਲਵਾਂ ਅਤੇ ਆਪਣੇ ਦਿਲ ਦੇ ਵਲਵਲੇ ਵੱਧ ਤੋਂ ਵੱਧ ਪਾਠਕਾਂ ਤਕ ਪਹੁੰਚਾਵਾਂ ।

ਮੈਂ ਉਨ੍ਹਾਂ ਸਾਰਿਆਂ ਪ੍ਰਤੀ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ 'ਤੜ੍ਹਾਨ' ਨੂੰ ਉਡਾਰੀ ਦਾ ਰੂਪ ਦੇਣ ਵਿਚ ਅਤੇ ਆਪਦੇ ਹੱਥਾਂ ਵਿਚ ਪਹੁੰਚਾਣ ਵਿਚ ਮਦਦ ਕੀਤੀ।

ਆਪਣੀਆਂ ਸਾਰੀਆਂ ਕਲਾਤਮਕ ਪਰਵਿਰਤੀਆਂ ਦਾ ਸਿਹਰਾ ਮੈਂ ਆਪਣੇ ਮਾਪਿਆਂ ਨੂੰ ਦਿੰਦੀ ਹਾਂ । ਬਚਪਨ ਤੋਂ ਹੀ ਮੈਂ ਆਪਣੇ ਪਾਪਾ ਸ.ਬਲਬੀਰ ਸਿੰਘ 'ਪ੍ਰੀਤਮ' ਦੇ ਕਾਵਿ ਪ੍ਰੇਮ ਅਤੇ ਰਚਨਾ ਕ੍ਰਿਤੀਆਂ ਤੋਂ ਬੇਹੱਦ ਪ੍ਰਭਾਵਿਤ ਰਹੀ ਹਾਂ । ਇਸ ਦੇ ਨਾਲ ਹੀ ਮੇਰੀ ਅੰਮੀ ਦੇ ਰਾਜੀਂ ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਕਰਿਤਿਤੱਵ ਨਾਲ ਮੇਰੀ ਪਛਾਣ ਭਾਵਾਂ ਨੂੰ ਉਤੇਜਿਤ ਕਰਦੀ ਰਹੀ । ਮਾਂ ਦੀ ਬੁੱਕਲ ਵਿਚ ਮੈਨੂੰ

ਇਕ ਵਿਸ਼ਾਲ ਹਿਰਦਾ ਮਿਲਿਆ ਜਿਹੜਾ ਪਿਆਰ ਨਾਲ ਲਬਰੇਜ਼ ਸੀ । ਇਸਦੇ ਨਾਲ ਹੀ, ਉਨ੍ਹਾਂ ਦਾ ਜੀਵਚ ਅਤੇ ਮਾਨਵਤਾ ਦੇ ਪ੍ਰਤੀ ਜਿਹੜਾ ਫ਼ਲਸਫ਼ਾ ਸੀ, ਉਹ ਸਦਾ ਮੇਰਾ ਮਾਰਗ ਦਰਸ਼ਨ ਕਰਦਾ ਰਿਹਾ । ਸ਼ਾਇਦ ਉਹੀ ਮੇਰੀਆਂ ਕਵਿਤਾਵਾਂ ਦੇ ਰੂਪ ਵਿਚ ਸਾਕਾਰ ਹੋ ਕੇ ਸਾਹਮਣੇ ਆਇਆ ਹੈ । ਮੇਰੀ ਭੂਆ ਸ਼੍ਰੀਮਤੀ ਤੇਜਿੰਦਰ ਆਦਰਸ਼ ਤੇ ਚਾਚਾ ਸ. ਹਰਿੰਦਰ ਸਿੰਘ ਆਜ਼ਾਦ ਦੇ ਕਾਵਿ ਪ੍ਰੇਮ ਨੇ ਵੀ ਮੇਰੇ ਮਨ ਨੂੰ ਪ੍ਰਭਾਵਿਤ ਕੀਤਾ । ਵਿਵਾਹਤ ਜੀਵਨ ਵਿਚ ਮੈਨੂੰ ਆਪਣੇ ਪਤੀ ਪ੍ਰੋਫੈਸਰ ਏ.ਐਸ. ਕਾਲਰਾ ਤੋਂ ਭਰਪੂਰ ਸਹਿਯੋਗ ਤੇ ਪ੍ਰੋਤਸਾਹਨ ਮਿਲਿਆ। ਇਸੇ ਸਹਿਯੋਗ ਦੇ ਸਦਕੇ ਹੀ ਮੈਂ ਆਪਣੀਆਂ ਸਾਰੀਆਂ ਰੁਚੀਆਂ ਨੂੰ ਬਾਖ਼ੂਬੀ ਨਿਭਾ ਸਕੀ ਹਾਂ ।

ਅੰਤ ਵਿਚ ਮੈਂ ਉਨ੍ਹਾਂ ਸਾਰਿਆਂ ਦੇ ਪ੍ਰਤੀ ਆਪਣਾ ਹਾਰਦਿਕ ਆਭਾਰ ਪ੍ਰਗਟ ਕਰਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਮੈਂ ਆਪਣੀਆਂ ਰਚਨਾਵਾਂ ਨੂੰ ਕਿਤਾਬ ਦਾ ਰੂਪ ਦੇ ਸਕੀ ਹਾਂ ।

**ਸੁਖਿੰਦਰ ਕਾਲਰਾ**

# ਸਿਸਕਦੇ ਅਰਮਾਨ

ਅੱਜ ਤੱਕਿਆ ਏ ਮੈਂ
ਕਿਸੇ ਦੀਆਂ ਅੱਖਾਂ ਵਿਚ
ਅਰਮਾਨਾਂ ਨੂੰ ਸਿਸਕਦੇ ।

ਉਹ ਹੱਡੀਆਂ ਦਾ ਢਾਂਚਾ,
ਉਹ ਗੱਲ੍ਹਾਂ ਦੇ ਖੱਡੇ,
ਉਹ ਭਖਦਾ ਬਦਨ,
ਉਹ ਅੱਖਾਂ'ਚ ਹੰਝੂ,
ਉਹ ਧੂੜ ਭਰੇ ਕੇਸ,
ਉਹ ਫਟੇ ਫਟੇ ਜਿਹੇ ਪੈਰ,
ਉਹ ਸੁੱਕੀਆਂ ਲੱਤਾਂ,
ਉਹ ਲਟਕਦੀਆਂ ਬਾਹਾਂ,
ਉਹ ਖਾਂਸੀ  ਦਾ ਉਠਣਾ,
ਉਹ ਬਲਗਮ ਦਾ ਆਉਣਾ ।

ਇਹ ਤਸਵੀਰ ਸੀ
ਮੇਰੇ ਦੇਸ਼ ਦੇ
ਇਕ ਨੌਜਵਾਨ ਦੀ
ਜੋ ਰਿਕਸ਼ਾ ਚਲਾ ਰਿਹਾ ਸੀ ।
ਪਿਆਰੇ ਸੋਹਣੇ ਬੱਚਿਆਂ ਨੂੰ
ਸਜੇ ਸਜਾਏ ਲਾਡਲਿਆਂ ਨੂੰ
ਸਕੂਲ ਲਿਜਾ ਰਿਹਾ ਸੀ ।

ਉਨ੍ਹਾਂ ਨੂੰ ਦੇਖ ਕੇ
ਅੰਦਰ ਹੀ ਅੰਦਰ

ਉਹ ਘੁਟਦਾ ਜਾ ਰਿਹਾ ਸੀ ।
ਬੱਚੇ ਸਨ ਉਸਦੇ ਵੀ
ਪੜ੍ਹਾਉਣਾ ਵੀ ਚਾਹੁੰਦਾ ਸੀ,
ਪਰ ਕਿਵੇਂ ਪੜ੍ਹਾਏ ?

ਕਿਤਾਬਾਂ ਨਹੀਂ ਸਨ,
ਕੱਪੜੇ ਨਹੀਂ ਸਨ,
ਸਮਾਜ ਵਿਚ ਉਨ੍ਹਾਂ ਲਈ
ਕੋਈ ਜਗ੍ਹਾ ਵੀ ਨਹੀਂ ਸੀ ।

ਇੰਨੇ 'ਚ ਨਿਕਲੀ
ਇਕ ਕਾਰ ਉਥੋਂ ਦੀ
ਤੇਜ਼ੀ ਨਾਲ ਆਉਂਦੀ,
ਧੂੜ ਉਡਾਉਂਦੀ,
ਉਨ੍ਹਾਂ ਦੀ ਗਰੀਬੀ ਦਾ
ਮਜ਼ਾਕ ਉਹ ਉਡਾਉਂਦੀ ।

ਦਿਲ 'ਚ ਉਠਿਆ ਤੂਫ਼ਾਨ ਜਿਹਾ,
ਕੰਬਣ ਉਹ ਲੱਗਾ ।
ਸੋਚਿਆ ਸੀ ਉਸਨੇ ਵੀ
ਹੋ ਕੇ ਵੱਡਾ ਉਹ,
ਅਫਸਰ ਬਣੇਗਾ,
ਕਾਰ 'ਚ ਬੈਠੇਗਾ,
ਘੁੰਮੇਗਾ, ਫਿਰੇਗਾ ।

ਬੁਲ੍ਹ ਸੁੱਕੇ ਉਸਦੇ
ਪੈਰ ਵੀ ਕੰਬੇ ।
ਲੰਘਿਆ ਜਦ ਅੱਗੋਂ ਦੀ
ਇਕ ਆਧੁਨਿਕ ਕਲੱਬ ਦੇ ।
ਨਸ਼ੇ 'ਚ ਧੁੱਤ

ਕੁਝ ਨੌਜਵਾਨ
ਤਾਸ਼ ਦੇ ਪੱਤਿਆਂ 'ਚ
ਗੁਆਚੇ,
ਪੈੱਗ ਤੇ ਪੈੱਗ
ਚੜ੍ਹਾ ਰਹੇ ਸਨ ਤੇ
ਪੈਸਿਆਂ ਦੇ ਢੇਰਾਂ ਨੂੰ
ਲੁਟਾ ਰਹੇ ਸਨ ।

ਉਨ੍ਹਾਂ ਪੈਸਿਆਂ ਨਾਲ ਉਸਨੇ
ਖ਼ਿਆਲਾਂ 'ਚ ......
ਆਪਣੇ ਲਈ ਇਕ ਛੋਟਾ ਜਿਹਾ ਘਰ ਬਣਾਇਆ,
ਤਨ ਢਕਣ ਲਈ ਕੱਪੜੇ ਖ਼ਰੀਦੇ,
ਬੱਚਿਆਂ ਨੂੰ ਦੋ ਵਕਤ ਖਾਣਾ ਖਿਲਾਇਆ ।

ਇੰਨੇ ਵਿਚ ਉਠਿਆ ਇਕ ਕਹਿਕਹਾ,
ਹਜ਼ਾਰਾਂ ਮਿੱਠੇ ਤੀਰ ਚੱਲੇ,
ਝੁਕ ਗਈਆਂ ਨਜ਼ਰਾਂ ਸ਼ਰਮ ਨਾਲ,
ਬੁਲ੍ਹ ਫੜਫੜਾਣ ਲੱਗੇ ।

ਇਕਹਿਰੇ ਬਦਨ ਦੀਆਂ
ਅੰਦਰੋਂ ਨਿਕਲੀਆਂ
ਦੋ ਮੁਟਿਆਰਾਂ,
ਜਿਸਮ ਝਲਕਦਾ ਸੀ
ਚੰਦ ਕਪੜਿਆਂ ਵਿਚੋਂ
ਉਹ ਵੀ ਮਜਬੂਰੀ ਨੂੰ
ਸ਼ਾਇਦ ਉਨ੍ਹਾਂ ਨੇ ਸਨ ਪਾਏ ।

ਕਦਮ ਲੜਖੜਾ ਰਹੇ ਸਨ,
ਜਿਸਮ ਅੰਗੜਾਈਆਂ ਲੈ ਰਿਹਾ ਸੀ,
ਨੌਜਵਾਨਾਂ ਦੀਆਂ ਅੱਖਾਂ 'ਚ

ਵਹਿਸ਼ਤ ਭਰੀ ਸੀ,
ਬਘਿਆੜ ਵੀ ਦੇਖੇ ਤਾਂ
ਸ਼ਰਮ ਨਾਲ ਡੁੱਬ ਜਾਏ ।

ਇਸ ਮਚਲਦੀ ਜਵਾਨੀ ਵਿਚ
ਉਸਨੂੰ ਨਜ਼ਰ ਆਈ,
ਆਪਣੀ ਮਾਂ, ਭੈਣ ਤੇ ਬੇਟੀ
ਜੋ ਇਕ ਧੋਤੀ 'ਚ,
ਲਾਜ ਆਪਣੀ ਸੀ ਸਮੇਟੀ ।

ਘਰ ਵਾਪਿਸ ਆਉਂਦੇ ਆਉਂਦੇ
ਉਹ ਬਦਹਵਾਸ ਹੋ ਚੁੱਕਾ ਸੀ,
ਡਿੱਗਿਆ ਇਕ ਪਾਸੇ ਉਹ,
ਉਸ ਤਪਦੀ ਸੜਕ ਤੇ,
ਉਸ ਦਿਨ ਉਹ ਬੱਚਿਆਂ ਨੂੰ
ਲਿਆ ਨਾ ਸਕਿਆ
ਉਨ੍ਹਾਂ ਦੇ ਸਕੂਲ ਉਹ ਜਾ ਨਾ ਸਕਿਆ ।
ਕੁਝ ਦੇਰ 'ਚ ਉਥੋਂ
ਜਲਦੀ ਨਾਲ ਨਿਕਲੀ ਇਕ ਕਾਰ,
ਉਸਨੂੰ ਮਿਧਦੀ ਚਲੀ ਗਈ ।
ਚਲਾ ਰਹੇ ਸਨ ਜਿਸਨੂੰ
ਉਨ੍ਹਾਂ ਬੱਚਿਆਂ ਦੇ ਪਿਤਾ,
ਗਾਲ੍ਹਾਂ ਕੱਢ ਰਹੇ ਸਨ
ਗੁੱਸੇ ਨਾਲ ਬੌਖਲਾ ਰਹੇ ਸਨ ।

ਉਪਰ ਉਹ ਦਮ ਤੋੜ ਰਿਹਾ ਸੀ,
ਪਾਣੀ ਦੇ ਦੋ ਘੁੱਟਾਂ ਨੂੰ
ਤੜਫ਼ ਰਿਹਾ ਸੀ ।
ਅਰਮਾਨਾਂ ਦੀ ਦੁਨੀਆਂ 'ਚ
ਅੱਗ ਲੱਗ ਚੁੱਕੀ ਸੀ,
ਉਹ ਰੋ ਰਿਹਾ ਸੀ,
ਅਰਮਾਨ ਸਿਸਕ ਰਹੇ ਸਨ ।

# ਕਲਪਨਾ

ਕਲਪਨਾ,
ਦੂਰ ...
ਅਤਿ ਦੂਰ
ਗਹਿਰੀ
ਅਤਿ ਗਹਿਰੀ
ਚੰਚਲ
ਅਤਿ ਚੰਚਲ
ਬਹਿਰੀ
ਅਤਿ ਬਹਿਰੀ ।

ਸਿਰਫ਼ ਇਕ ਮਹਿਕ ਹੈ ਜਾਂ
ਫੁੱਲਾਂ ਦੀ ਪਟਾਰੀ ਏ ?
ਧੂੰਏਂ ਦਾ ਛੱਲਾ ਏ ਜਾਂ
ਦਿਲ ਦੀ ਉਡਾਰੀ ਏ ?

ਪੁਲਕਿਤ ਜਿਹੀ ਝੂਮੇ ਇਹ,
ਰੁੱਸੀ ਹੋਈ ਬੈਠੇ ਇਹ,
ਰਿਮਝਿਮ ਜਿਹੀ ਵਰਸੇ ਇਹ
ਪਿਆਰੀ ਜਿਹੀ ਮਹਿਕੇ ਇਹ ।

ਬੇਹੱਦ ਵਚਿੱਤਰ ਏ
ਸੁਹਲ ਏ, ਸ਼ਾਂਤ ਏ,

ਅੰਮੀ ਜਿਹੀ ਕਰੁਣ ਏ
ਸੱਜਣੀ ਜਿਹੀ ਤਰੁਣ ਏ ।

ਕਿੰਨੀ ਬੇਰਹਿਮ ਇਹ
ਕਿੰਨੀ ਬੇਪਰਦਾ ਏ,
ਕਿੰਨੀ ਸੰਗ ਦਿਲ ਹੈ ਇਹ
ਕਿੰਨੀ ਬੇਦਰਦ ਏ ।

ਕਲਪਨਾ ਸੰਜੋਗਣੀ ਏ
ਕਲਪਨਾ ਵਿਜੋਗਣੀ ਏ,
ਕਲਪਨਾ ਚਿਰਸੰਗਣੀ ਏ,
ਕਲਪਨਾ ਚਿਰ ਰੰਗਣੀ ਏ ।

ਕਿੰਨੀ ਰੰਗੀਲੀ ਏ
ਕਿੰਨੀ ਸ਼ਰਮੀਲੀ ਏ
ਕਿੰਨੀ ਬਦਗੁਮਾਨ ਇਹ
ਕਿੰਨੀ ਅਭਿਮਾਨੀ ਇਹ ।

ਕਲਪਨਾ ਹੀ ਰੰਜਿਸ਼ ਏ
ਕਲਪਨਾ ਹੀ ਜੁੰਬਿਸ਼ ਏ,
ਕਿੰਨੀ ਨਿਡਰ ਹੈ ਇਹ
ਕਿੰਨੀ ਭਿਆਨਕ ਇਹ ।

ਫੁੱਲ ਜਿਹੀ ਤਾਜ਼ਾ ਵੀ,
ਪੰਖੜੀ ਜਿਹੀ ਕੋਮਲ ਵੀ,
ਕਸਤੂਰੀ ਜਿਹੀ ਮਹਿਕ ਵਾਲੀ,
ਮਦਹੋਸ਼ ਇਹ ਕਰਦੀ ਏ ।

# ਸੰਗੀਤ ਤੇ ਮਾਂ

ਮਾਂ ਜਨਮ ਦਿੰਦੀ ਏ,
ਸੰਗੀਤ ਰਸ ਭਰਦਾ ਏ,
ਮਾਂ ਮਹਿਲ ਬਣਾਂਦੀ ਏ,
ਸੰਗੀਤ ਉਸਨੂੰ ਸਜਾਂਦਾ ਏ ।
ਮਾਂ ਕੈਨਵਸ ਬਣਾਂਦੀ ਏ
ਸੰਗੀਤ ਰੰਗ ਭਰਦਾ ਏ,
ਮਾਂ ਆਤਮਾ ਸਿਰਜਦੀ ਏ
ਸੰਗੀਤ ਉਚਿਆਂ ਚੁਕਦਾ ਏ ।
ਮਾਂ ਦਿਲ ਬਣਾਂਦੀ ਏ
ਸੰਗੀਤ ਪ੍ਰੇਮ ਭਰਦਾ ਏ,
ਮਾਂ ਕੰਠ ਦਿੰਦੀ ਏ
ਸੰਗੀਤ ਸੁਰ ਭਰਦਾ ਏ ।
ਮਾਂ ਉਂਗਲੀਆਂ ਦਿੰਦੀ ਏ
ਸੰਗੀਤ ਮੁਦਰਾਵਾਂ ਦੇਂਦਾ ਏ,
ਮਾਂ ਪੈਰ ਬਣਾਂਦੀ ਏ
ਸੰਗੀਤ ਥਿਰਕਨ ਛੇੜਦਾ ਏ ।
ਮਾਂ ਕੰਨ ਦਿੰਦੀ ਏ
ਸੰਗੀਤ ਰਸ ਘੋਲਦਾ ਏ ।
ਮਨੁੱਖ ਨੂੰ ਜਨਮ ਦਿੰਦੇ ਨੇ,
ਮਾਂ ਵੀ, ਸੰਗੀਤ ਵੀ,
ਮਾਂ ਦੀ ਲੋਰੀ ਵਿਚ ਸੰਗੀਤ
ਤੇ ਸੰਗੀਤ ਵਿਚ ਮਮਤਾ ਭਰੀ ਏ ।

# ਧੁੰਧਲਾ ਸ਼ੀਸ਼ਾ

ਸ਼ੀਸ਼ਾ ਜਦ ਧੁੰਧਲਾ ਹੋ ਜਾਏ,
ਜੱਗ ਧੁੰਧਲਾ ਲਗਦਾ ਏ,
ਰੰਗ ਫਿਕੇ ਪੈਂਦੇ ਨੇ
ਕੁਝ ਬੁਰਾ ਜਿਹਾ ਲਗਦਾ ਏ ।

ਅੰਦਰਲਾ ਸ਼ੀਸ਼ਾ ਵੀ
ਜਦ ਧੁੰਧਲਾ ਹੋ ਜਾਏ,
ਹਰ ਅਕਸ ਜੋ ਉਤਰੇ ਤਾਂ
ਉਹ ਵੀ ਧੁੰਧਲਾ ਜਾਏ ।

ਸ਼ੀਸ਼ੇ ਦੀ ਕਾਲਖ ਤਾਂ
ਹੱਥਾਂ ਨਾਲ ਮਿਟ ਜਾਏ,
ਅੰਦਰਲੀ ਕਾਲਖ ਤਾਂ
ਕਰਮਾਂ ਨਾਲ ਜਾਏਗੀ ।

# ਛਲਕਦੇ ਹੰਝੂ

ਸਮਝ ਨਹੀਂ ਆਉਂਦਾ ਏ
ਇਹ ਨੈਣਾਂ ਦਾ ਡਰ ਆਉਣਾ,
ਤੇ ਨੈਣਾਂ ਦੇ ਡਰ ਆਂਦੇ ਹੀ ਮੋਤੀ 'ਚ ਬਦਲ ਜਾਣਾ,
ਮੋਤੀ 'ਚ ਬਦਲਦੇ ਹੀ ਫਿਰ ਉਸਦਾ ਛਲਕ ਜਾਣਾ,
ਤੇ ਉਸਦਾ ਛਲਕਦੇ ਈ ਬਸ ਡਿੱਗ ਕੇ ਖਿੰਡਰ ਜਾਣਾ।

## ਤਰੇਲ ਤੁਪਕੇ

ਦਿਲ ਦੀ ਉਦਾਸੀ ਜਦ
ਅੱਖਾਂ 'ਚ ਹੈ ਭਰ ਜਾਂਦੀ,
ਤਾਂ ਤਰੇਲ ਦੇ ਦੋ ਮੋਤੀ ਬਣ
ਉਹ ਵਹਿ ਕੇ ਨਿਕਲ ਜਾਂਦੀ ।

## ਦਰਦ ਭਰੇ ਹੰਝੂ

ਦਰਦ ਦਾ ਵਧਣਾ ਏ
ਹੰਝੂ ਦਾ ਨਿਕਲ ਆਣਾ,
ਤੇ ਹੰਝੂ ਦਾ ਨਿਕਲਣਾ ਏ
ਦਰਦ ਦਾ ਘਟ ਜਾਣਾ ।

## ਸੋਚ

ਜਦ ਸੋਚਿਆ ਕਿ ਸੋਚਾਂ ਕੁਝ
ਸੋਚ ਕਿਉਂ ਮੈਥੋਂ ਦੂਰ ਹੋਈ,
ਜਦ ਚਾਹਿਆ ਕਿ ਬੋਲਾਂ ਕੁਝ
ਬੁੱਲਾਂ ਨੇ ਚੁੱਪ ਸਾਧ ਲਈ ।

## ਚੈਨ

ਮੁਬਾਰਕ ਹੋਏ ਤੈਨੂੰ ਓ ਚੈਨ ਪਾਉਣ ਵਾਲੇ,
ਇਸ ਅਸ਼ਾਂਤ ਜਗ ਵਿਚ ਸ਼ਾਂਤੀ ਪਾਉਣ ਵਾਲੇ,
ਹੋ ਸਕੇ ਤਾਂ ਵੰਡ ਲੈ ਇਸਨੂੰ,
ਬਹੁਤ ਘਟ ਹਨ ਇਸ ਜਗ ਵਿਚ
ਇਸਨੂੰ ਪਾਉਣ ਵਾਲੇ ।

## ਪਰਛਾਂਵੇਂ

ਕਈ ਵਾਰ ਉਜਾਲੇ ਵਿਚ,
ਪਰਛਾਵਿਆਂ ਤੋਂ ਡਰ ਲੱਗਦਾ ਏ ।
ਤੇ ਰਾਤ ਦੇ ਹਨੇਰਿਆਂ 'ਚ
ਸਿਮਟਣ ਨੂੰ ਮਨ ਕਰਦਾ ਏ ।

## ਦੁਆਵਾਂ

ਨੈਣਾਂ 'ਚ ਹਾਸੇ ਹੋਠਾਂ ਤੇ ਮੁਸਕਾਨ
ਨੈਣਾਂ 'ਚ ਚਮੀ ਹੋਠਾਂ ਤੇ ਸਦਾਵਾਂ
ਅੱਖਾਂ 'ਚ ਬਰਸਾਤ ਹੋਠਾਂ ਤੇ ਦੁਆਵਾਂ ।

## ਵਧਦੇ ਕਦਮ

ਜਿਗਰ ਵਾਲਿਆਂ ਦਾ ਜਿਗਰ ਹੁੰਦਾ ਏ,
ਦਮ ਭਰਨ ਨੂੰ ਦਮ ਹੁੰਦਾ ਏ,
ਹਾਰ ਜਾਣਾ ਉਨ੍ਹਾਂ ਦਾ ਕੰਮ ਨਹੀਂ
ਅੱਗੇ ਵੱਧ ਨੂੰ ਕਦਮ ਹੁੰਦਾ ਏ ।

## ਅਹਿਸਾਨ ਤੇ ਫ਼ਰਜ਼

ਮੰਨਿਆ ਕਿ ਸਾਡੇ ਤੇ ਅਹਿਸਾਨ ਨੇ ਤੇਰੇ,
ਪਰ ਅੱਖਾਂ 'ਚੋਂ ਇੰਜ ਨਾ ਤੂੰ ਅਹਿਸਾਨ ਜਤਾਈਂ,
ਅਹਿਸਾਨ ਦਾ ਬਦਲਾ ਤਾਂ ਅਹਿਸਾਨ ਨਹੀਂ ਹੋਣਾ,
ਮਹਿਜ਼ ਇਕ ਪਾਲਣਾ ਹੋਇਗੀ ਫ਼ਰਜ਼ ਦੀ ।

## ਜਾਮ-ਏ-ਸ਼ਰਾਬ

ਜਾਮ-ਏ-ਸ਼ਰਾਬ ਪੀਆਂ, ਇਹ ਆਦਤ ਨਹੀਂ,
ਜਾਮ ਨਾਲ ਜਾਮ ਟਕਰਾਵਾਂ, ਇਹ ਫ਼ਿਤਰਤ ਤਾਂ ਨਹੀਂ,
ਭਰੀ ਮਹਿਫ਼ਿਲ 'ਚੋਂ ਉਠ ਜਾਵਾਂ,
ਇਹ ਗਲਤ ਤਾਂ ਨਹੀਂ,
ਐਪਰ ਹੱਥਾਂ 'ਚੋਂ ਜਾਮ ਛੁਡਾਵਾਂ,
ਇਹ ਕਿਸਮਤ ਵੀ ਨਹੀਂ ।

## ਅਹਿਸਾਨ

ਅਹਿਸਾਨ ਦੇ ਥੱਲੇ ਦਬ ਜਾਵਾਂ
ਇਹ ਲਗਦਾ ਤਾਂ ਨਹੀਂ,
ਪਰ ਹੋ ਜਾਏ ਜੇ ਇੰਜ
ਤਾਂ ਕੋਈ ਸਾਂਭਣ ਵਾਲਾ ਵੀ ਨਹੀਂ ।

## ਮੁਖੋਟਾ

ਹਰ ਮਨੁੱਖ ਦੋ ਰੂਪਾਂ ਦਾ ਮਾਲਿਕ
ਦਿਖਦਾ ਸਿਰਫ਼ ਇਕ ਮੁਖੌਟਾ,
ਹਰ ਪਲ ਛਿਣ ਦੋ ਵਿਚ ਵੰਡ ਕੇ
ਜਿਉਣ ਦਾ ਓ ਦਮ ਭਰਦਾ ।

# ਲਾਸ਼ਾਂ ਦੇ ਢੇਰ

ਕੁਰਸੀਆਂ ਹੀ ਕੁਰਸੀਆਂ ਸਨ
ਲਾਸ਼ਾਂ ਦੇ ਢੇਰਾਂ ਤੇ
ਗਿਰਝਾਂ ਦੀਆਂ ਡਾਰਾਂ ਸਨ
ਇੱਲਾਂ ਦੇ ਡੇਰੇ ਤੇ ।

ਖ਼ੂਨ ਦੀ ਲਾਲੀ ਸੀ
ਪਾਣੀ ਦੀ ਰੰਗਤ ਵਿਚ,
ਮਸਾਣਾਂ ਦਾ ਧੂੰਆਂ ਵੀ
ਉਠਿਆ ਸੀ ਦਿੱਲੀ ਵਿਚ ।

# ਮੈਂ ਤੇ ਮੇਰੀਆਂ ਤਸਵੀਰਾਂ

ਖ਼ੁਦ ਨੂੰ ਖ਼ੁਦ ਤੋਂ ਜੁਦਾ ਕਰ,
ਜਦ ਮੈਂ ਤਸਵੀਰ ਬਣਾਉਂਦੀ ਹਾਂ,
ਤਾਂ ਅੰਦਰ ਦਾ ਤੂਫ਼ਾਨ
ਸਭ ਬੰਧਨਾਂ ਨੂੰ ਤੋੜ,
ਤੂਲਿਕਾ ਦੇ ਰੁੱਖਾਂ ਨਾਲ
ਰੰਗਾਂ ਦੀ ਮਿੱਟੀ ਨੂੰ
ਵਹਾਉਂਦਾ ਹੀ ਜਾਂਦਾ ਏ,
ਤੇ ਕੈਨਵਸ ਦੇ ਉਪਰ
ਅਸੰਖ ਨਵੇਂ ਰਸਤੇ
ਬਣਾਉਂਦਾ ਹੀ ਜਾਂਦਾ ਏ ।

ਇਹ ਤੂਫ਼ਾਨ ਜਦ
ਬੰਨ੍ਹਾਂ ਵਿਚ ਬੰਨ੍ਹਿਆ ਰਹਿੰਦਾ ਏ ...
ਤਾਂ ਅੰਦਰ ਇਕ ਘੁਟਣ ਹੁੰਦੀ ਏ,
ਇਕ ਪੀੜ ਮਹਿਸੂਸ ਹੁੰਦੀ ਏ,
ਸਾਹ ਮੁਸ਼ਕਿਲ ਨਾਲ ਆਉਂਦਾ ਏ,
ਕੁਝ ਦੱਬਿਆ ਰਹਿ ਜਾਂਦਾ ਏ,
ਕੁਝ ਜ਼ਖ਼ਮ ਜਿਹੇ ਉਭਰਦੇ ਨੇ,
ਕੁਝ ਚੀਸਾਂ ਵੀ ਉਭਰਦੀਆਂ ਨੇ,
ਅਤੇ ਮੇਰਾ ਖ਼ੁਦ ...
ਖ਼ੁਦ ਵਿਚ ਹੀ ਦੱਬਿਆ ਰਹਿ ਜਾਂਦਾ ਏ ।
ਬੰਨ੍ਹ ਟੁੱਟ ਜਾਣ ਤੇ ...
ਇਹੀ ਜ਼ਖ਼ਮ ਕੁਝ ਦਰਦ ਭਰੀਆਂ
ਤਸਵੀਰਾਂ 'ਚ ਬਦਲ ਜਾਂਦੇ ਨੇ,

ਰੰਗਾਂ ਦੀ ਦਵਾ ਪਾ ਕੇ
ਉਹ ਮਹਿਕਦੇ  ਮੁਸਕਾਉਂਦੇ ਨੇ ।
ਖ਼ੁਦ ਨੂੰ ਇਨ੍ਹਾਂ ਰੰਗਾਂ 'ਚ ਵੇਖ
ਮੈਂ ਖ਼ੁਸ਼ੀ ਨਾਲ ਝੂਮ ਉਠਦੀ ਹਾਂ,
ਤੇ ਆਪਣੀ ਹੀ ਆਤਮਾ ਨੂੰ
ਹਰ ਪਾਸੇ ਮਹਿਸੂਸਦੀ ਹਾਂ ।
ਤੇ ਸੋਚਦੀ ਹਾਂ,
ਸ਼ਰੀਰ ਨੂੰ ਸਜਾ ਕੇ ਕੀ ਕਰਾਂਗੀ ?
ਆਤਮਾਂ ਨੂੰ ਹੀ ਸਜਾ ਲਾਂ
ਤੇ ਆਤਮਾ ਦੀ ਸਜਾਵਟ ਨਾਲ,
ਨਵੀਆਂ ਤਸਵੀਰਾਂ ਨੂੰ ਰੰਗ ਲਾਂ ।
ਸ਼ਰੀਰ ਦੇ ਨਾਸ਼ ਹੋਣ ਤੇ,
ਮੇਰੀ ਆਤਮਾ ਤਾਂ ਬੋਲੇਗੀ ।
ਆਪਣੀ ਪੁਕਾਰ ਨਾਲ ਉਹ,
ਦਿਲਾਂ ਦੇ ਦਰ ਖੋਲ੍ਹੇਗੀ ।

ਆਤਮਾਵਾਂ ਦੇ ਮਿਲਣ ਤੇ
ਇਕ ਨਵਾਂ ਸਵੇਰਾ ਹੋਇਗਾ,
ਜੋ ਪਿਆਰ ਨਾਲ ਮਹਿਕੇਗਾ
ਤੇ ਰੰਗਾਂ ਨਾਲ ਭਰਿਆ ਹੋਏਗਾ ।

# ਕਲਾਕਾਰ ਦਾ ਜਨਮ

ਕਲਾ ਦੀ ਕੁੱਖ ਫਿਰ ਹਰੀ ਹੋਈ
ਇਕ ਕਲਾਕਾਰ ਨੇ ਜਨਮ ਲਿਆ
ਮਮਤਾ ਭਰੀ ਨਜ਼ਰ ਨਾਲ ਤੱਕਿਆ,
ਮੋਹ ਨਾਲ ਮੂੰਹ ਚੁੰਮ ਲਿਆ ।

ਸਿਰ ਨੂੰ ਇੰਜ ਪਲੋਸਿਆ ਉਸਨੇ,
ਕਲਪਨਾ ਦੀ ਸ਼ਕਤੀ ਜਾਗੀ ।
ਸੀਨੇ ਨਾਲ ਲਗਾਇਆ ਉਸਨੇ,
ਜਾਗੀ ਮਮਤਾ ਉਸ ਵਿਚ ਵੀ ।

ਲੋਰੀ ਗਾ ਕੇ ਥਪਥਪਾ ਕੇ,
ਉਹਨੂੰ ਇੰਜ ਸੁਆ ਦਿੱਤਾ,
ਵਿਚਰਣ ਲੱਗਾ ਸੁਪਨ ਲੋਕ ਵਿਚ,
ਹੌਲੇ ਜਿਹੇ ਮੁਸਕਾ ਦਿੱਤਾ ।

ਖ਼ਿਆਲਾਂ ਦੇ ਝੂਲੇ ਵਿ ਚ ਉਸਨੂੰ,
ਲਾਡ ਨਾਲ ਝੂਲਾ ਝੂਲਾਇਆ ।
ਦੁੱਧ ਵਿਚ ਕਰੁਣਾ ਪਿਲਾਈ,
ਮਨ ਉਸਦੇ ਵਿਚ ਪਿਆਰ ਭਰਿਆ ।

ਕਿਲਕਾਰੀਆਂ ਵਿਚ ਲੈਅ ਨੂੰ ਭਰ ਕੇ,
ਪੈਰਾਂ ਵਿਚ ਥਿਰਕਨ ਭਰੀ ।
ਕੰਠ ਵਿਚ ਮਿੱਠਤ ਭਰੀ ।

ਰੰਗਾਂ ਦੀ ਇਕ ਵਰਖਾ ਕਰਕੇ,
ਹੱਥ ਵਿਚ ਤੂਲਿਕਾ ਫੜਾਈ,
ਮਿੱਟੀ ਦੇ ਵਿਚ ਉਹਨੂੰ ਬਿਠਤ ਕੇ
ਘੜਨ ਮੂਰਤਾਂ ਜਾਚ ਸਿਖਾਈ ।

ਸ਼ਰਧਾ ਦੇ ਫੁੱਲਾਂ ਦੀ ਮਾਲਾ
ਨਿਮਰਤਾ ਦੀ ਪੰਖੜੀਆਂ ਨਾਲ
ਸਜਾ-ਸਜਾ ਕੇ ਆਪਣੇ ਹੱਥੀਂ
ਗਲੇ ਵਿਚ ਉਹਦੇ ਸੀ ਪਾਈ ।

ਊਸ਼ਾ ਦੀ ਲਾਲੀ ਚੁਗ ਕੇ
ਸੰਝ ਦੀ ਸ਼ਾਂਤੀ ਵੀ ਲੈ ਕੇ
ਚੰਦ੍ਰਮਾ ਦੀ ਚਾਂਦਨੀ ਲੈ ਕੇ,
ਲਾਡਲੇ ਨੂੰ ਜਨਮ-ਘੁੱਟੀ 'ਚ
ਕਲਾ ਨੇ ਖ਼ੁਦ ਪਿਲਾ ਦਿੱਤਾ ।

ਕੁਦਰਤ ਤੋਂ ਇਹ ਦਾਤਾਂ ਮੰਗ ਕੇ,
ਕਲਾ ਨੇ ਆਪਣੇ ਮੰਦਰ ਵਿਚ,
ਪਿਆਰ ਭਰੀ ਇਕ ਮੂਰਤ ਸਜਾਈ,
ਕਲਾਕਾਰ ਦਾ ਨਾਂ ਦਿੱਤਾ ।

# ਕਲਪਨਾ ਨੂੰ ਖੰਭ ਲੱਗੇ

ਕਲਪਨਾ ਨੂੰ ਖੰਭ ਲੱਗੇ,
ਉਡੀ ਚਲੀ ਜਾਂਦੀ ਏ,
ਬੈਠੀ ਜਾ ਅੰਬ ਉਤੇ
ਦਿਲ ਵਿਚ ਕੁਝ ਕਹਿੰਦੀ ਏ ।

ਪਲਕ ਉਠੀ ਅੱਖ ਝਪਕੀ,
ਹਾਏ ਇਹ ਕੀ ਕਹਿੰਦੀ ਏ,
ਕੋਇਲ ਦੀ ਕੂਕ ਕੈਹੀ
ਮਿੱਠੀ ਹੁੰਦੀ ਜਾਂਦੀ ਏ ।

ਡਾਲੀ-ਡਾਲੀ ਪੱਤ-ਪੱਤ,
ਕਲੀ ਕਲੀ, ਫੁੱਲ-ਫੁੱਲ,
ਕਲਪਨਾ ਦੀ ਤਿਤਲੀ ਕਿਉਂ
ਝੂਮ ਝੂਮ ਜਾਂਦੀ ਏ ।

ਗਗਨ ਤੋਂ ਉੱਚੀ ਇਹ,
ਸਾਗਰ ਤੋਂ ਗਹਿਰੀ ਇਹ,
ਤਿੰਨ ਲੋਕ ਘੁੰਮ ਆਏ
ਫ਼ਿਰ ਵੀ ਨਹੀਂ ਬਹਿੰਦੀ ਏ ।

ਲੁਕ ਲੁਕ ਕੇ ਛੁਪ ਛੁਪ ਕੇ,
ਪ੍ਰੀਤਮ ਦੀ ਸਜਨੀ ਨਾਲ
ਮਿਲਣੀ ਹੋਈ ਜਾਂਦੀ ਏ ।

ਸ਼ਬਨਮ ਜਿਹੀ ਛੁਈ ਮੁਈ,
ਛੂਣ੍ਹ ਨਾਲ ਗੁੰਮ ਹੋਈ,
ਪੰਖੜੀ ਤੇ ਪੈ ਕੇ ਤ੍ਰੇਲ
ਜਿਵੇਂ ਡਲ੍ਹਕ ਜਾਂਦੀ ਏ ।

# ਉਖੜੀਆਂ ਰੇਖਾਵਾਂ

ਨਾ ਜਾਣਾਂ ਕਿਉਂ ?
ਕਲਮ ਚਲਦੀ ਤਾਂ ਹੈ
ਪਰ ਰੇਖਾਵਾਂ ਉਖੜ ਜਾਂਦੀਆਂ ਨੇ,
ਟੁੱਟ ਜਾਂਦੀਆਂ ਨੇ,
ਬਿਖਰ ਜਾਂਦੀਆਂ ਨੇ,
ਨਾ ਜਾਣਾ ਕਿਉਂ ?

ਐ ਕਲਾਕਾਰ !
ਇਨ੍ਹਾਂ ਰੇਖਾਵਾਂ ਨੂੰ ਸਾਂਭ,
ਉਠ ਜ਼ਰਾ ਕਲਮ ਤਾਂ ਚਲਾ,
ਉਖੜੀਆਂ ਵਿਗੜਦੀਆਂ ਰੇਖਾਵਾਂ ਨੂੰ ਜੋੜ ।
ਟੁੱਟੀਆਂ ਤਾਂ ਇਹ ਟੁੱਟਦੀਆਂ ਹੀ ਜਾਣਗੀਆਂ,
ਜੁੜੀਆਂ ਤਾਂ ਜੁੜਦੀਆਂ ਹੀ ਜਾਣਗੀਆਂ ।

ਜੋ ਨਸ਼ਾ ਜੁੜਣ 'ਚ ਏ,
ਟੁੱਟਣ 'ਚ ਨਹੀਂ ।
ਜੋ ਨਸ਼ਾ ਚੱਲਣ 'ਚ ਏ,
ਰੁਕਣ 'ਚ ਨਹੀਂ ।

ਨਾ ਉਖੜ, ਨਾ ਬਿਖਰ
ਨਾ ਰੁੱਕ,
ਬਸ ਚਲ ਤੇ ਚਲਦਾ ਚਲਾ ਜਾ ।

ਵਧ
ਤੇ ਵਧਦਾ ਚਲਾ ਜਾ ।
ਉਖੜੀਆਂ ਰੇਖਾਵਾਂ ਤੈਨੂੰ ਉਖਾੜਣਗੀਆਂ,
ਜੁੜਦੀਆਂ ਰੇਖਾਵਾਂ ਹੀ ਤੈਨੂੰ ਜੋੜਣਗੀਆਂ ।

# ਸੁੰਦਰਤਾ

ਸੁੰਦਰਤਾ ਕੀ ਏ ?
ਕੀ ਇਹ ਝੂਠ ਤੇ ਸੱਚ ਦਾ ਇਕ ਪਰਦਾ ਏ,
ਜਾਂ ਸਚਾਈ ਨੂੰ ਝੁਠਲਾਉਣ ਵਾਲੀ ਕੋਈ ਸ਼ੈਅ ।
ਡਿਗਦਾ ਉਸਰਦਾ ਮਹਿਲ ਹੈ,
ਜਾਂ ਫੇਰ ਅੱਖਾਂ ਦਾ ਕੋਈ ਭਰਮ ।

ਸੁੰਦਰਤਾ ਦੇ --
ਔਰਤ ਕੋਲ ਆਉਂਦਿਆਂ ਹੀ
ਉਹ ਹੁਸਨ ਕਹਾਉਂਦੀ ਏ,
ਮਰਦਾਂ ਕੋਲ ਜਾਉਂਦਿਆਂ ਹੀ
ਉਹ ਜਵਾਨ ਕਹਾਉਂਦੇ ਨੇ,
ਫੁੱਲਾਂ ਵਿਚ ਸਮਾਉਂਦੇ ਹੀ
ਉਹ ਮਹਿਕਣ ਲਗਦੇ ਨੇ ।

ਵੇਲਾਂ ਵਿਚ ਲਚਕ ਆਉਂਦੀ ਏ,
ਬਹਾਰਾਂ ਵਿਚ ਟਹਿਕ ਆਉਂਦੀ ਏ,
ਪੱਲੂ ਲਹਿਰਾ ਉਠਦਾ ਏ,
ਕੰਠ ਗਾ ਉਠਦਾ ਏ ।

ਜੇ ਇਹ ਸਚਾਈ ਹੈ
ਤਾਂ ਕਿਉਂ - -
ਸੁੰਦਰਤਾ ਦੇ ਮੂੰਹ ਮੋੜਨ ਤੇ
ਸਭ ਟੁੱਟ ਜਾਂਦਾ ਏ,
ਸਭ ਉਜੜ ਜਾਂਦਾ ਏ,
ਮੁਰਦੇਹਾਣੀ ਛਾ ਜਾਂਦੀ ਏ,
ਬਾਹਰੀ ਇਕ ਛਲਾਵਾ ਏ,
ਜੋ ਕਿਤੇ ਛੁਪ ਜਾਂਦਾ ਏ
ਅੰਦਰੂਨੀ ਇਕ ਚੰਦਨ ਏ,
ਜੋ ਦੂਜਿਆਂ ਨੂੰ ਮਹਿਕਾਂਦਾ ਏ ।

ਕੋਈ ਨੇੜੇ ਵੀ ਨਹੀਂ ਆਉਂਦਾ ਏ ?

ਇਹ ਵੀ ਤਾਂ ਕੋਈ ਦੱਸੇ
ਕਿ ਕਿਉਂ ਇਕ ਇਨਸਾਨ
ਕਿਸੇ ਦਾ ਪ੍ਰੇਮੀ, ਕਿਸੇ ਦਾ
ਦੁਸ਼ਮਣ ਹੁੰਦਾ ਏ ?

ਜਵਾਨ ਦਿਲਾਂ ਨੂੰ ਚੰਨ ਪਿਆਰਾ
ਵਿਧਵਾ ਨੂੰ ਉਹ ਵਿਨ੍ਹਦਾ ਏ,
ਤਾਜ ਦੀ ਸੁੰਦਰਤਾ
ਕਿਉਂ ਕਿਸੇ ਨੂੰ ਹਸਾਉਂਦੀ
ਤੇ ਕਿਸੇ ਨੂੰ ਰੁਆਉਂਦੀ ਏ ?

ਤਾਂ ਖ਼ੈਰ .... ਜ਼ਰੂਰ ਹੀ
ਸੁੰਦਰਤਾ ਦੇ ਦੋ ਰੂਪ ਹੋਣਗੇ ।
ਇਕ ਬਾਹਰ ਨੂੰ ਸਜਾਉਂਦਾ ਹੋਣੈਂ,
ਦੂਜਾ ਅੰਦਰ ਨੂੰ ਖਿੜਾਉਂਦਾ ਹੋਣੈ ।

ਪਰ ਅੰਦਰ ਦਾ ਸੁਹੱਪਣ
ਬਾਹਰਲੇ ਨੂੰ ਬਦਲ ਦਿੰਦਾ ਏ,
ਹਰ ਮਨੁੱਖ ਹਰ ਸ਼ੈ ਨੂੰ
ਅਲੱਗ ਰੰਗ ਨਾਲ ਦੇਖਦਾ ਏ ।

ਪਰ ਬਾਹਰਲਾ ਸੁਹੱਪਨ ਇਕ ਭਰਮ ਏ,
ਜੋ ਖਿਨ ਵਿਚ ਨਾਸ਼ ਹੋ ਜਾਂਦਾ ਏ ।
ਅੰਦਰੂਨੀ ਇਕ ਪਾਰਸ ਏ,
ਜਿਸ ਵਿਚ ਵੀ ਵਸ ਜਾਂਦਾ ਏ
ਉਹ ਸੋਨੇ ਵਿਚ ਵਟ ਜਾਂਦਾ ਏ ।

ਕਲਾਕਾਰ ਹੀ ਉਹ ਹਸਤੀ ਏ
ਜੋ ਅੰਦਰੂਨੀ ਸੁਹੱਪਣ ਨੂੰ
ਕਲਾ-ਕ੍ਰਿਤੀਆਂ 'ਚ ਭਰ
ਇਕ ਸਥਾਈ ਰੂਪ ਦੇ ਦੇਂਦਾ ਏ ।

# ਮੰਦਰ, ਮੂਰਤੀਆਂ ਤੇ ਮੈਂ

ਅਸੀਮ ਸ਼ਾਂਤੀ ਦਾ ਉਹ ਆਲਮ
ਨਿੰਮਾ ਨਿੰਮਾ ਜਿਹਾ ਉਹ ਚਾਨਣ
ਉਹ ਆਲੀਸ਼ਾਨ ਮੰਦਰ
ਉਹ ਨ੍ਰਿਤ ਮਗਨ ਮੂਰਤੀਆਂ,
ਕਿੰਨੀਆਂ ਹੀ ਸਦੀਆਂ ਤੋਂ
ਮੂਕ ਹੀ ਖੜੀਆਂ ਨੇ ।
ਤੇ ਮੈਂ ...

ਹੈਰਾਨ ਹੋ ਖੜ੍ਹੀ ਹੋਈ
ਵਿਸਮਾਦ ਦੇ ਆਲਮ ਵਿਚ,
ਖ਼ੁਦ ਨੂੰ ਤਾਂ ਜਿਵੇਂ
ਭੁੱਲਦੀ ਹੀ ਜਾਂਦੀ ਹਾਂ ।
ਅੱਖਾਂ ਨਮ ਹੁੰਦੀਆਂ ਨੇ
ਧੜਕਨਾਂ ਤੇਜ਼ ਹੁੰਦੀਆਂ ਨੇ,
ਕਦਮ ਅੱਗੇ ਨੂੰ ਵਧਦੇ ਨੇ
ਇਤਿਹਾਸ ਪਿੱਛੇ ਪਰਤਦਾ ਏ ।

ਅੱਖਾਂ ਤਾਂ ਜਿਵੇਂ ਮੇਰੀਆਂ
ਝਪਕਨਾਂ ਭੁੱਲ ਜਾਂਦੀਆਂ ਨੇ,
ਤੇ ਮਨ ਹੈ ਕਿ ਸੋਚਾਂ ਵਿਚ
ਡੁੱਬਦਾ ਚਲਾ ਜਾਂਦਾ ਏ ।

ਨਾ ਜਾਣਾ ਕਿਨ੍ਹਾਂ ਹੱਥਾਂ ਨੇ
ਇਨ੍ਹਾਂ ਨੂੰ ਬਣਾਇਆ ਹੋਣੈ,

ਪਹਿਲਾਂ ਦਿਲ ਵਿਚ ਵਸਾਇਆ ਹੋਣੈ
ਫਿਰ ਇਨ੍ਹਾਂ ਨੂੰ ਸਜਾਇਆ ਹੋਣੈ ।
ਅੰਗ-ਅੰਗ ਨੂੰ ਇਨ੍ਹਾਂ ਦੇ
ਰੂਹ ਨਾਲ ਤਰਾਸ਼ਿਆ ਹੋਣੈ ।

ਮਨ 'ਚ ਇਕ ਸੋਚ ਉਭਰਦੀ ਏ ...
ਸਦੀਆਂ ਤੋਂ ਇਹ ਮਨੁੱਖ
ਕਿਸ ਖੋਜ ਵਿਚ ਲੱਗਾ ਏ ?
ਨਾ ਜਾਣਾਂ ਕਿਸ ਅਮੂਰਤ ਨੂੰ
ਇਹ ਮੂਰਤ ਕਰਨਾ ਚਾਹੁੰਦਾ ਏ ?

ਕਦੀ ਬੁੱਧ ਨੂੰ ਰੂਪ ਦੇਂਦਾ ਏ
ਕਦੀ ਕ੍ਰਿਸ਼ਨ, ਕਦੀ ਰਾਮ ਨੂੰ
ਕਦੀ ਸ਼ਿਵ, ਕਦੀ ਵਿਸ਼ਨੂੰ
ਕਦੀ ਬ੍ਰਹਮਾ ਗਣੇਸ਼ ਨੂੰ ।

ਇਹ ਮੰਦਰ, ਇਹ ਮਸਜਿਦ
ਇਹ ਗਿਰਜੇ, ਗੁਰਦੁਆਰੇ,
ਸਭ ਸ਼ਰਧਾ ਤੇ ਪ੍ਰੇਮ ਦੀ
ਨੀਂਹ ਤੇ ਖੜ੍ਹੇ ਨੇ,
ਇਕ ਅਗਿਆਤ ਸ਼ਕਤੀ ਨੂੰ
ਆਪਣੇ 'ਚ ਸਮਾਈ ।

ਤਾਂਹੀਂ ਤਾਂ ਪੀੜ੍ਹੀ ਦਰ ਪੀੜ੍ਹੀ
ਲੋਕ ਚਲੇ ਆਉਂਦੇ ਨੇ,
ਆਪਣੇ ਦੁਖ ਦਰਦ ਵੰਡਾਣ
ਬੇਰਹਿਮ ਜ਼ਮਾਨੇ ਤੋਂ ਭੱਜੇ,
ਜਾਂ ਪਾਪਾਂ ਦੀ ਘੁਟਣ ਤੋਂ ਡਰ ਕੇ ।

ਇਹ ਕੇਹਾ ਸਕੂਨ ਏ
ਕੋਈ ਕਹਿ ਨਹੀਂ ਸਕਿਆ,
ਜਾਂ ਆਪਣੇ ਅੰਦਰ ਦੀ ਅਵਾਜ਼
ਉਹ ਸਹਿ ਨਹੀਂ ਸਕਿਆ ।

# ਸਤ ਸੁਰ

ਸ਼ੜਜ ਵਿਚ ਸੂਰਜ ਦਾ ਤੇਜ ਏ ...
ਰਿਖਬ ਵਿਚ ਮਿੱਠਤ ਧਰਤੀ ਦੀ,
ਗੰਧਾਰ ਵਿਚ ਪਰਬਤ ਦਾ ਗੌਰਵ
ਮਧਮ ਵਿਚ ਮਮਤਾ ਏ ਮਾਂ ਦੀ,
ਪੰਚਮ ਪਿਆਸ ਬੁਝਾਂਦਾ ਜੱਗ ਦੀ
ਧੈਵਤ ਧੀਰ ਬੰਧਾਉਂਦਾ ਸਭ ਦੀ,
ਨਿਸ਼ਾਦ ਨਿਖਾਰ ਲੈ ਕੁਦਰਤ ਦਾ
ਸਪਤਕ ਬਣਿਆ ਸੰਗੀਤ ਦਾ ।

# ਝੂਮਦੇ ਸਵਰ

ਉਂਗਲੀਆਂ ਨੇ ਥਿਰਕ ਕੇ
ਤਾਰਾਂ ਨੂੰ ਜਦ ਛੇੜਿਆ ।

ਸਾਜ਼ ਜਾਗੇ,
ਹੱਥ ਹਿੱਲੇ,
ਤਾਰ ਬੋਲੇ,
ਸਵ੍ਰ ਝੂਮੇ ।

ਅਮੂਰਤ ਸਵਰਾਂ ਨੇ .....
ਮੂਰਤ ਹੋ ਕੇ .....
ਮੂਰਤ ਇਨਸਾਨ ਦੀ -
ਅਮੂਰਤ ਆਤਮਾ ਨੂੰ -
ਮੂਰਤ ਕਰ ਦਿਤਾ ।
ਆਪਣੇ ਵਿਚ
ਦਰਦ ਸਹਿ ਕੇ,

ਸਿਤਾਰ ਬਣਾਈ ਜਾਂਦੀ ਏ
ਕਾਠ ਤੇ
ਤਾਰਾਂ ਸਜਾ ਕੇ ।
ਬੰਸਰੀ ਵਾਦਕ
ਕੁਝ ਸਾਹ ਦੇ ਕੇ
ਉਸ ਵਿਚ
ਜੀਵਨ ਭਰਦਾ ਏ ।

ਪਰ .....
ਸਿਤਾਰ ਵਾਦਕ
ਨਿੱਜ ਖੁਸ਼ੀ ਲਈ
ਕੁਝ ਤਾਰਾਂ ਨੂੰ
ਛੇੜਦਾ ਏ ।

ਸਾਹ ਜੀਵਨ ਦਿੰਦੇ ਨੇ
ਉਂਗਲਾਂ ਤਾਰਾਂ ਨਾਲ
ਖੇਡਦੀਆਂ ਨੇ ।

# ਬੰਸਰੀ ਦੀ ਹੂਕ ਤੇ ਸਿਤਾਰ ਦੀ ਝੁਨਕਾਰ

ਇਕ ਦਿਨ
ਮੈਂ ਇਕ ਸੋਚ ਵਿਚ
ਵਹੀ ਜਾ ਰਹੀ ਸੀ,
ਇਕ
ਅਨਜਾਣ ਆਵਾਜ਼
ਅੰਦਰੋਂ ਕੁਝ
ਕਹੀ ਜਾ ਰਹੀ ਸੀ,
ਕਿ ਕੀ ਗੱਲ ਏ
ਬੰਸਰੀ ਦੀ ਹੂਕ ਤਾਂ
ਦਿਲ 'ਚ ਇਕ
ਤੂਫ਼ਾਨ ਮਚਾਂਦੀ ਏ,
ਤੇ ਸਿਤਾਰ
ਦੀ ਆਵਾਜ਼
ਮਨ ਵਿਚ
ਮਧੁਰ ਝੰਕਾਰ
ਜਗਾਂਦੀ ਏ ?

ਬਹੁਤ ਸੋਚਿਆ,
ਵਿਚਾਰਿਆ,
ਸਮਝਿਆ,
ਤੇ ਕਿਹਾ ...
ਬੰਸਰੀ ਤਾਂ
ਪੈਦਾ ਹੁੰਦੀ ਏ

# ਇਕ ਸਾਜ਼ ਛਿੜਿਆ

ਕਿਵੇਂ ....
ਕਿੱਥੋਂ .....
ਆਈ ਇਹ ਮੋਹਣੀ
ਸੁਰ ਲਹਿਰੀ ?

ਕਿਨ੍ਹਾਂ ਤਾਰਾਂ ਵਿਚ ਹੋਈ ਅਵਾਜ਼ ?
ਕਿਨ੍ਹਾਂ ਹੱਥਾਂ ਨੇ ਛੇੜੇ ਇਹ ਤਾਰ ?

ਇਕ ਸਾਜ਼ ਛਿੜਿਆ,
ਕੁਛ ਸਰ ਉੱਠੇ,
ਇਕ ਰਾਗ ਬਣਿਆ ।

ਇਕ ਥਾਪ ਵੱਜੀ,
ਕੁਝ ਬੋਲ ਉੱਠੇ,
ਇਕ ਤਾਲ ਬਣਿਆ ।

ਸਾਜ਼ ਨਾਲ ਸਾਜ਼ ਮਿਲੇ,
ਸਰ  ਨਾਲ ਬੋਲ ਰਲੇ,
ਰਾਗ ਨਾਲ ਤਾਲ ਮਿਲਕੇ
ਇਕ ਨਵਾਂ ਸੰਸਾਰ ਰਚਿਆ ।

# ਕਿੰਨਾ ਮਧੁਰ

ਕਿੰਨਾ ਮਧੁਰ, ਵਾਹ ! ਕਿੰਨਾ ਮਧੁਰ
ਸੁਰ ਪਾਇਆ ਤੂੰ,
ਦਸ ਦੇ ਹੇ ਸੰਗੀਤ ਮਹਿਰਮੀ,
ਕਿੱਥੋਂ ਇਹ ਰਸ ਪਾਇਆ ਤੂੰ ?

ਕੀ ਇਹ ਗੁਰੂ ਜਨਾਂ ਦੀ ਦੇਣ ਏ,
ਜਾਂ ਤੇਰੀ ਅਣਥੱਕ ਸਾਧਨਾ,
ਕੀ ਇਹ ਦੈਵੀ ਕਿਰਪਾ ਕੋਈ,
ਜਾਂ ਫ਼ਿਰ ਦਾਤੇ ਦੀ ਬਖ਼ਸ਼ਿਸ਼ ਏ ?

ਜੋ ਵੀ ਹੈ ਇਹ ਬੜਾ ਮਧੁਰ ਏ,
ਬੜਾ ਮਧੁਰ ਏ ।

# ਛਿਪੇ ਸੁਰ

ਸੁਰ ਛਿਪੇ ਰਹਿੰਦੇ ਨੇ
ਕਿਤੇ ਸਿਤਾਰ ਦੀਆਂ ਤਾਰਾਂ ਵਿਚ,
ਮਚਲਣ ਥਿਰਕਣ ਲਗਦੇ ਨੇ
ਹੱਥਾਂ ਦੇ ਛੂਹ ਜਾਣ ਨਾਲ,
ਆਹਾਂ ਦਾ ਅਹਿਸਾਸ ਹੁੰਦਾ ਏ,
ਦਿਲ ਵਿਚ ਜਦ ਦਰਦ ਹੁੰਦਾ ਏ,
ਹੰਝੂ ਬਣ ਕੇ ਵਹਿੰਦੀਆਂ ਨੇ
ਇਨ੍ਹਾਂ ਤਾਰਾਂ ' ਚੋਂ ਕੁਝ ਸੁਰ ਲਹਿਰਾਂ,
ਭਿਉਂ ਦਿੰਦੀਆਂ ਨੇ,
ਕਿੰਨੀਆਂ ਹੀ ਨਰਮ ਰਗਾਂ ਨੂੰ ।

# ਤਕੜੀ ਵਿਚ ਤੁਲਦਾ ਰੱਬ

ਕਹਿੰਦੇ ਨੇ --
ਸੁਰ ਰੱਬ ਏ,
ਅਜ਼ਾਦ ਪੰਛੀ ਏ,
ਮੁਕਤੀ ਦਾ ਸਾਧਨ ਏ ।

ਪਰ --
ਦੇਖ ਰਹੇ ਹਾਂ ਅੱਜ,
ਇਸ ਰੱਬ ਨੂੰ
ਤਕੜੀ ਵਿਚ ਤੁਲਦੇ,
ਅੰਕਾਂ ਦੇ ਪਿੰਜਰੇ 'ਚ ਬੰਦ
ਵਿਲਕਦੇ ਸਿਸਕਦੇ ।

ਕਹਾਂ ਜੇ ਦਿਲ ਦੀ ....
ਕਿ ... ਸੁਰ ਇਹ ਵੀ ਏ
ਸੁਰ ਉਹ ਵੀ ਏ,
ਰੱਬ ਇਹ ਵੀ ਏ,
ਰੱਬ ਉਹ ਵੀ ਏ ।

ਤਾਂ .....
ਰੱਬ ਨੂੰ ਰੱਬ ਤੋਂ
ਉੱਚਾ ਜਾਂ ਨੀਵਾਂ ਦਿਖਾਉਣਾ
ਮੇਰੇ ਵੱਸ ਦੀ ਗੱਲ ਨਹੀਂ ।

# ਰਾਤ ਦਾ ਰੁਦਨ

ਅੱਜ 'ਰਾਤ' ਜੀ ਭਰ ਕੇ ਰੋਈ,
ਭਿੱਜ ਗਿਆ ਸਭ ਉਸਦਾ ਦਾਮਨ
ਫਲੱਲ ਫੁੱਲ ਪੱਤੀ ਪੱਤੀ ਤੇ
ਹੰਝੂਆਂ ਦੇ ਮੋਤੀ ਹਨ ਛਲਕਣ ।

ਜੀਅ ਕੀਤਾ ਆਪਣੇ ਹੱਥਾਂ ਨਾਲ
ਪੂੰਝ ਦਿਆਂ ਉਹਨਾਂ ਬੂੰਦਾਂ ਨੂੰ
ਜਾਂ ਹਾਉਕਾ ਭਰ ਕੇ ਹੰਝੂ ਕੇਰਾਂ
ਰਾਤ ਦੀ ਉਸ ਕੁਰਲਾਹਟ ਤੇ ।

ਐ ਰਾਤ --
ਸੂਰਜ ਆਪਣੇ ਪ੍ਰਚੰਡ ਤੇਜ਼ ਨਾਲ
ਤੇਰੇ ਹੰਝੂ ਪੂੰਝਦਾਆਇਆ

ਸੱਚ ਦੱਸ ....
ਕੀ ਤੇਰੇ ਦੁਖ ਨੇ
ਸੂਰਜ ਨੂੰ ਕਦੀ ਟੁੰਬਿਆ ਹੈ ?
ਉਸਦੇ ਪ੍ਰਚੰਡ ਤੇਜ਼ ਵਿਚ ਸ਼ਾਇਦ
ਹੰਝੂਆਂ ਦਾ ਦਮ ਘੁੱਟਦਾ ਆਇਆ ।

ਐ ਰਾਤ ...
ਸੁਣਿਆ ਏ ...
ਬਹੁਤ ਕੁਝ ਵਾਪਰ ਜਾਂਦਾ
ਤੇਰੇ ਹੁੰਦੇ ।
ਚਾਨਣ ਤੋਂ ਘਬਰਾਉਣ ਵਾਲੇ
ਰਾਤ ਦਾ ਦਰ ਖੜਕਾਉਂਦੇ ਨੇ,
ਦਿਨ ਵਿਚ ਕੰਮ ਜੋ ਹੋ ਨਾ ਸਕਣ
ਰਾਤ ਨੂੰ ਉਹ ਕਰ ਜਾਂਦੇ ਨੇ ।

ਐ ਰਾਤ ...
ਦੇਂਦੀ ਏਂ ਆਸਰਾ ਕਿਉਂ ਤੂੰ
ਇਨ੍ਹਾਂ ਢੋਂਗੀ ਅਤਿਆਚਾਰੀਆਂ ਨੂੰ
ਜੋ ਤੇਰੀ ਸ਼ਾਂਤੀ ਭੰਗ ਕਰਦੇ ਨੇ
ਤੇ ਵੇਚ ਰਹੇ ਮਾਨਵਤਾ ਨੂੰ ?

ਪਰ ਐ ਰਾਤ ...
ਸੁਣਿਆ ਤੂੰ .... ?
ਦਿਨ ਵੀ ਭਾ ਗਿਆ ਉਨ੍ਹਾਂ ਨੂੰ
ਆਪਣੇ ਕੁਕਰਮ ਦਿਖਾਵਣ ਲਈ
ਦਿਨ ਦੇ ਚਾਨਣ ਵਿਚ ਵੀ
ਹੋਣ ਲੱਗਾ ਨਰ ਸੰਘਾਰ,
ਲੁੱਟਮਾਰ ਤੇ ਅਤਿਆਚਾਰ ।

ਤੂੰ ਦੱਸ ....
ਕੀ ਸੂਰਜ ਇੰਨਾਂ ਬੇਵਚ ਹੋ ਗਿਆ ?
ਜਾਂ ਆਪਣਾ ਆਪਾ ਹੀ ਤਜ ਗਿਆ ?

ਐ ਰਾਤ ....
ਇੰਵ ਜਾਪੇ, ਜਿਵੇਂ ਚਾਨਣ ਦੇ ਹਨੇਰੇ ਵਿਚ,
ਅੱਜ ਦਾ ਸੂਰਜ ਗ੍ਰਸ ਚੁੱਕਿਆ ਏ ।
ਢੋਂਗ ਕਰਨ ਕਿਉਂ ਚਾਨਣ ਦਾ
ਮਨ 'ਚ ਹਨੇਰਾ ਇਉਂ ਪਸਰਿਆ
ਕਿੱਥੇ ਏ ਚੰਨ ਤੇ ਕਿੱਥੇ ਨੇ ਤਾਰੇ
ਕਿੱਥੇ ਏ ਸੂਰਜ ਤੇ ਕਿੱਥੇ ਨਜ਼ਾਰੇ ?

ਐ ਰਾਤ ....
ਹਨੇਰੇ ਦੀ ਤੂੰ ਚਾਦਰ ਪਾਈ
ਹਿਚਕੀ ਲੈ ਲੈ ਰੋਂਦੀ ਏਂ
ਫਿਰ ਸੂਰਜ ਕਿਉਂ ਹਉਮੈ ਭਰਿਆ
ਚਾਨਣ ਦੇ ਵਿਚ ਮੁਸਕਾਉਂਦਾ ਏ ?

ਇਸ ਲੁੱਟ-ਖਸੁੱਟ ਦੀ ਮੰਡੀ ਵਿਚ
ਜਦ ਮਾਨਵਤਾ ਵਿਕ ਜਾਂਦੀ ਏ,
ਇਹ ਕਿਉਂ ਹੱਸਦਾ ਏ ?

ਜਿਸ ਦੇਸ਼ ਦਾ ਚਾਨਣ
ਰਾਤ ਤੋਂ ਕਾਲਾ
ਉਸ ਦੇਸ਼ 'ਚ ਸੂਰਜ ਕਿਉਂ ਉੱਗਦਾ ਏ ?
ਬੋਲ, ਬੋਲ ਇਹ ਕਿਉਂ ਉੱਗਦਾ ਏ ?
ਕੋਈ ਕਹੇ ਇਹ ਕਿਉਂ ਉੱਗਦਾ ਏ ?

ਜਦ ਸੂਰਜ ਛਮ-ਛਮ ਰੋਇਗਾ
ਮਾਨਵਤਾ ਤਦ ਜਾਗੇਗੀ,
ਅੰਬਰ ਧਰਤੀ ਤੇ ਆਏਗਾ
ਮਾਨਵਤਾ ਤਦ ਜਾਗੇਗੀ,
ਰਾਤ ਦੇ ਦੁਖ ਨੂੰ ਜਾਣੇਗਾ
ਮਾਨਵਤਾ ਤਦ ਜਾਗੇਗੀ,
ਹਉਮੈ ਵਿਚ ਠੰਡਕ ਆਏਗੀ
ਮਾਨਵਤਾ ਤਦ ਜਾਗੇਗੀ ।

ਐ ਰਾਤ ...
ਤੂੰ ਇੰਨਾਂ ਰੋ ਲੈ ਕਿ
ਸੂਰਜ ਵਿਚ ਠੰਡਕ ਆ ਜਾਏ,
ਹਉਮੈ ਦਾ ਗ਼ੁਸਿਆ ਸੂਰਜ ਵੀ
ਜ਼ਿਮੀਂ ਦੇ ਦੁੱਖ ਨਾਲ ਭਰ ਜਾਏ ।

ਐ ਰਾਤ ....
ਜਦ ਤੇਰੇ ਹੰਝੂ, ਸੂਰਜ ਦੀਆਂ
ਅੱਖਾਂ 'ਚੋਂ ਵਹਿ ਕੇ ਨਿਕਲਣਗੇ,
ਇਕ ਨਵਾਂ ਸਵੇਰਾ ਆਏਗਾ
ਮਾਨਵਤਾ ਤਦ ਜਾਗੇਗੀ ।

# ਸ਼ੀਸ਼ੇ ਦੀਆਂ ਤਲਵਾਰਾਂ

ਸ਼ੀਸ਼ਾ ਇੰਞ ਟੁੱਟਿਆ ਕਿ
ਤਲਵਾਰਾਂ ਦੀਆਂ ਧਾਰਾਂ ਬਣਿਆ,
ਆਪਸ ਵਿਚ ਉਹ ਉਠੀਆਂ ਖੜ੍ਹੀਆਂ ।
ਲੱਗਿਆ ਮੈਨੂੰ
ਹੁਣੇ ਚੱਲਣਗੀਆਂ
ਸਿਰ ਤੋਂ ਧੜ ਨੂੰ
ਅਲੱਗ ਕਰਨਗੀਆਂ ।

ਫਿਰ ਸਿਰ ਹੀ ਸਿਰ
ਤੇ ਧੜ ਹੀ ਧੜ
ਅਲਗ ਦਿਖਾਈ
ਪੈ ਜਾਵਣਗੇ ।

ਖ਼ੂਨ ਨਾਲ ਲਥਪਥ
ਮੂਧੇ-ਮੂੰਹ
ਅਧਮਰੀ ਜਿਹੀ
ਲਾਸ਼ ਪਈ ਹੈ ।
ਬੋਲੀ ਕਰਾਹ ਕੇ
ਜੇ ਨਾ ਹੁੰਦੀਆਂ
ਉਹ ਤਲਵਾਰਾਂ,
ਕਿਉਂ ਧੜ ਤੋਂ ਸਿਰ
ਅਲੱਗ ਇਹ ਹੁੰਦੇ ?

ਖ਼ੂਨ ਦੀ ਧਾਰਾ
ਦੇਸ਼ ਦੇ ਕੰਮ
ਨਾ ਆ ਕੇ ਤੇ
ਕਿਉਂ ਧਰਤੀ ਤੇ
ਵਹਿੰਦੀ  ਇੱਦਾਂ ?

ਧੱਕਾ ਲੱਗਾ ਕਿਤੇ
ਅੰਦਰ ਤੱਕ ।
ਸੋਚਿਆ ....
ਕਿਉਂ ਮਨ ਨੇ
ਤਲਵਾਰ ਘੜੀ ਸੀ,
ਤੇ ਇਹ ਸਾਰੀ ਜੰਗ ਲੜੀ ਸੀ ?

ਮਨ ਦੀ ਜੰਗ
ਮਨ ਦੀਆਂ ਤਲਵਾਰਾਂ,
ਮਨ ਦਾ ਡਰ
ਮਨ ਦੀਆਂ ਲਲਕਾਰਾਂ ।

ਕਾਸ਼ ! ਕਦੀ ਇਹ
ਜਨਮ ਨਾ ਲੈਂਦੀਆਂ,
ਮਾਨਵਤਾ ਦਾ
ਨਾਸ਼ ਨਾ ਕਰਦੀਆਂ ।

# ਐ ਮੇਰੇ ਸ਼ਹਿਰ ਦੀਓ ਸੜਕੋ !

ਐ ਮੇਰੇ ਸ਼ਹਿਰ ਦੀਓ
ਲੰਮੀਉ ਚੌੜੀਓ ਸੜਕੋ,
ਬੇਵਜ੍ਹਾ ਭੱਜ ਦੌੜ ਤੋਂ
ਹੱਫ਼ੀਆਂ ਹੋਈਓ ਸੜਕੋ,
ਰਾਤ ਦੇ ਹਨੇਰੇ ਵਿਚ
ਸੁੱਤੀਆਂ ਹੋਈਓ ਸੜਕੋ,

ਤਣੀਆਂ ਹੋਈਓ, ਆਕੜੀਆਂ ਹੋਈਓ
ਲੇਟੀਆਂ ਹੋਈਓ ਸੜਕੋ,
ਫੁੱਲਾਂ ਦੇ ਰੁੱਖਾਂ ਨਾਲ
ਲੱਦੀਆਂ ਹੋਈਓ ਸੜਕੋ,
ਸੂਰਜ ਦੀ ਗਰਮੀ ਵਿਚ
ਝੁਲਸਦੀਓ ਸੜਕੋ,
ਬਰਸਾਤ ਦੇ ਪਾਣੀ ਵਿਚ
ਡੁੱਬੀਆਂ ਹੋਈਓ  ਸੜਕੋ,
ਚੌਰਾਹਿਆਂ ਦੇ ਚੱਕਰਾਂ ਵਿਚ
ਫਸੀਆਂ ਹੋਈਓ ਸੜਕੋ,
ਖੰਭਿਆਂ ਦੀਆਂ ਬੱਤੀਆਂ ਵਿਚ
ਜਗਮਗਾਉਂਦੀਓ ਸੜਕੋ,
ਲਾਲ ਪੀਲੀ ਬੱਤੀਆਂ ਦੇ
ਘੇਰਿਆਂ 'ਚ ਬੱਝੀਆਂ ਸੜਕੋ !

ਕਿੰਨੀਆਂ ਨਿਰਪੇਖ ਹੋ
ਕਿੰਨੀਆਂ ਸਹਿਣਸ਼ੀਲ ਤੁਸੀਂ,

ਹਰ ਜ਼ਾਤ ਹਰ ਮਜ਼ਹਬ ਦਾ
ਭਾਰ ਤੁਸੀਂ ਢੋਂਦੀਆਂ ਹੋ,
ਫੁੱਲਾਂ ਨਾਲ ਲੱਦੀਆਂ ਖ਼ੁਸ਼ ਹੋ,
ਪੱਤਿਆਂ ਨਾਲ ਭਰੀਆਂ ਖ਼ੁਸ਼ ਹੋ,
ਧੁੱਪ ਨਾਲ ਜਲੀਆਂ ਖ਼ੁਸ਼ ਹੋ
ਪਾਣੀ ਵਿਚ ਡੁੱਬੀਆਂ ਖ਼ੁਸ਼ ਹੋ,
ਸਭ ਜ਼ਾਤ ਪਾਤ ਤੇ ਨਾਮ ਧਰਮ
ਤੁਸੀਂ ਸਭ ਨਾਲ
ਖ਼ੁਸ਼ ਹੀ ਖ਼ੁਸ਼ ਹੋ !

ਮਿੱਠੇ ਕਦਮਾਂ ਦੀ ਆਹਟ ਤੋ
ਦਿਲ ਖ਼ੁਸ਼ ਤਾਂ ਹੁੰਦਾ ਹੋਣੈ,
ਪਰ ਭਾਰ ਦੇ ਵਾਧੂ ਹੋਣ ਤੇ
ਕੁਝ ਦਰਦ ਤਾਂ ਹੁੰਦਾ ਹੋਣੈ,
ਟ੍ਰੈਕਟਰ, ਟ੍ਰਾਲੀ, ਟ੍ਰਕ ਤੋਂ
ਤਰੱਕੀ ਦਾ ਸੁੱਖ ਤਾਂ ਮਿਲਦਾ ਹੋਣੈ,
ਪਰ ਜੰਗ ਤੋਂ ਪਰਤਿਆ ਟੈਂਕ
ਦਿਲ ਨੂੰ ਛਲਣੀ ਕਰਦਾ ਤਾਂ ਹੋਣੈ ?
ਦਿਨ ਦੀ ਇੰਨੀ ਭੱਜ ਦੌੜ ਤੋਂ
ਕੁਝ ਨਹੀਂ ਹੁੰਦਾ ਹੋਣੈ,
ਪਰ ਨੇਰ੍ਹੇ ਦੇ ਵਿਚ ਕਾਤਲ ਦਾ
ਭਾਰ ਸਹਿਆ ਨਾ ਜਾਂਦਾ ਹੋਣੈ,
ਤਦ ਨ੍ਹੇਰੀ ਰਾਤਾਂ ਦੇ ਵਿੱਚ,
ਦਿਲ ਕੰਬ ਤਾਂ ਜਾਂਦਾ ਹੋਣੈ ?

# ਕਿੱਥੇ ਤੱਕ ਸਹਾਂ ਮੈਂ

ਕਿੱਥੇ ਤੱਕ ਸਹਾਂ ਮੈਂ
ਉਹ ਦਰਦਨਾਕ ਆਹਾਂ,
ਉਹ ਬੇਨੂਰ ਅੱਖਾਂ,
ਉਹ ਪੀਲੇ ਜ਼ਰਦ ਚਿਹਰੇ,
ਉਹ ਸੁੱਕੀਆਂ ਹੋਈਆਂ ਬਾਹਵਾਂ,
ਉਹ ਵਿਲਕਦੀਆਂ ਆਂਦਰਾਂ,
ਉਹ ਬੀਮਾਰ ਮਾਂ ਦਾ
ਤੜਫ਼ਨਾ, ਕਰਾਹੁਣਾ,
ਉਹ ਭੁੱਖੇ ਬੱਚਿਆਂ ਦਾ
ਵਿਲਕਣਾ ਤੇ ਰੋਣਾ,
ਉਹ ਤਪਦੀਆਂ ਸੜਕਾਂ ਤੇ
ਨੰਗੇ ਪੈਰਾਂ ਦਾ ਸੜਨਾ,
ਉਹ ਛਾਲਿਆਂ ਦਾ ਪੈਣਾ,
ਉਹ ਚੀਕਾਂ ਨਿਕਲਣਾ,
ਉਹ ਝੁੱਗੀ ਦੀ ਛੱਤ 'ਚੋਂ
ਪਾਣੀ ਦਾ ਰਿਸਣਾ,
ਉਹ ਅੱਧਕੱਜੇ ਬਦਨਾਂ ਦਾ
ਸਿਮਟ-ਸਿਮਟ ਜਾਣਾ,
ਉਹ ਅਣਜਾਣ ਲਾਸ਼ਾਂ ਦਾ
ਮਰਘਟ ਤੇ ਸੜਨਾ,
ਆਖਿਰ ! ਕਿੱਥੋਂ ਤੱਕ ਸਹਾਂ ਮੈਂ ?
ਮੈਨੂੰ ਕੁੱਝ ਤਾਂ ਦੱਸੋ ।
ਤਸੱਲੀ ਤਾਂ ਦੇਵੋ ।
ਦਿਲਾਸਾ ਤਾਂ ਦੇਵੋ ।

# ਜੀਣ ਦਾ ਹੱਕ

'ਜੀਣ ਦਾ ਹੱਕ ਦਿਉ ਮੈਨੂੰ'
ਇਹ ਚੀਕ ਕਿਤੋਂ ਪਈ ਆਉਂਦੀ ਏ ।
'ਖਾਣ ਨੂੰ ਦੋ ਟੁੱਕ ਹੀ ਦੇ ਦਿਉ'
ਭੁੱਖ ਨਾਲ ਕੋਈ ਕੁਰਲਾਉਂਦੀ ਏ ।

ਸਰਦੀ ਤੋਂ ਠਰਦੇ ਤਨ-ਮਨ 'ਚੋਂ
ਉਠਦੀਆਂ ਆਹਾਂ ਨੂੰ ਸੁਣ ਲਉ,
ਆਪਣੇ ਤਨ ਤੋਂ ਬੋਝ ਉਤਾਰ
ਉਨ੍ਹਾਂ ਦੇ ਤਨ ਨੂੰ ਢੱਕ ਦਿਉ ।

ਗਰਮੀ ਵਿਚ ਝੁਲਸੇ ਜਿਸਮਾਂ ਨੂੰ
ਪੱਖਿਆ ਦੀ ਜ਼ਰਾ ਹਵਾ ਤਾਂ ਦਿਉ,
ਦਰਦ ਨਾਲ ਤਪਦੇ ਬਦਨਾਂ ਨੂੰ
ਤੁਸੀਂ ਥੋੜ੍ਹੀ ਜਿਹੀ ਦਵਾ ਤਾਂ ਦਿਉ ।

ਮਹਿਲਾਂ 'ਚ ਰਹਿਣ ਵਾਲਿਉ ਤੁਸੀਂ
ਝੌਂਪੜੀਆਂ ਵਿਚ ਜਾਕੇ ਵੇਖੋ ।
ਆਪਣੇ ਹੱਥ ਪੈਰ ਤੇ ਅੱਖਾਂ
ਉਨ੍ਹਾਂ ਨਾਲ ਮਿਲਾ ਕੇ ਵੇਖੋ ।
ਮਾਇਆ ਦੇ ਇਸ ਪਰਦੇ ਨੂੰ ਤੁਸੀਂ
ਜ਼ਰਾ ਤਾਂ ਸਰਕਾ ਕੇ ਵੇਖੋ ।
ਹਉਮੈ ਦੀ ਝੂਠੀ ਦੀਵਾਰ ਤੋੜ
ਕਰੁਣਾ ਦਾ ਹੱਥ ਵਧਾ ਕੇ ਵੇਖੋ ।

ਪੈਦਾ ਕਰਨ ਵਾਲੇ ਨੇ ਤਾਂ
ਜਿਊਣ ਦਾ ਹੱਕ ਸਭ ਨੂੰ ਦਿੱਤੈ ।
ਪਰ ਪੈਸੇ ਦੀ ਦੀਵਾਰ ਬਣਾ ਤੁਸੀਂ
ਕਿਉਂ ਉਸਦਾ ਹੱਕ ਖੋਹ ਲਿਤੈ ।

ਉਪਰ ਉਠਦੇ ਜਾਣ ਦੀਆਂ
ਤਰਕੀਬਾਂ ਨੂੰ ਤਾਂ ਬੰਦ ਕਰ ਦਿਉ
ਜ਼ਮੀਨ ਤੇ ਰਹਿਣ ਵਾਲਿਆਂ ਨੂੰ ਤੁਸੀਂ
ਜੀਣ ਦਾ ਤਾਂ ਹੱਕ ਦੇ ਦਿਉ ।

# ਛੱਡ ਦਿਉ ਮੈਨੂੰ ਇਕੱਲਾ

'ਛੱਡ ਦਿਉ ਮੈਨੂੰ ਇਕੱਲਾ'
ਕੰਨਾਂ ਵਿਚ 'ਵਾਜ ਪਈ ।
ਕੰਬ ਉਠੀ ਮੈਂ, ਸੋਚਿਆ ਫਿਰ
ਕੀ ਹੈ ? ਕਿਸ ਤੇ ਆਣ ਪਈ ?

ਮੁੜ ਕੇ ਵੇਖਿਆ ਇਕ ਰਾਹੀ ਸੀ,
ਬੁੱਢਾ ਤੇ ਥੱਕਿਆ ਟੁੱਟਿਆ,
ਜੀਵਨ ਰਾਹ ਤੇ ਚਲਦੇ-ਚਲਦੇ
ਸ਼ਾਇਦ ਉਹ ਸੀ ਹੰਭ ਚੁੱਕਿਆ ।

ਪੁੱਛਿਆ ਮੈਂ ਹੈਰਾਨੀ ਨਾਲ,
'ਕਿਉਂ ਹੋ ਇੰਨੇ ਉਦਾਸ ਤੁਸੀਂ ?
ਕੀ ਖੁੱਸਿਆ ਇਸ ਜੀਵਨ ਵਿਚੋਂ ?
ਕਿਉਂ ਹੋ ਬੜੇ ਨਿਰਾਸ਼ ਤੁਸੀਂ ?

ਛਲਕ ਪਏ ਅੱਖਾਂ 'ਚੋਂ ਹੰਝੂ
ਗੋਡਿਆਂ ਨੇ ਵੀ ਸਾਥ ਨਾ ਦਿੱਤਾ ।
ਬੇਬਸ ਹੋ ਕੇ ਬੈਠ ਗਿਆ ਉਹ
ਝੁਰੜੀਆਂ ਨੇ ਮੂੰਹ ਕੱਜ ਲਿਆ ।

ਕਹਿ ਨਹੀਂ ਸਕਿਆ ਮੂੰਹ ਤੋਂ ਉਹ
ਦੁੱਖਾਂ ਦੀ ਲੰਮੀ ਕਹਾਣੀ ਨੂੰ ।
ਐਪਰ ਰੋਕ ਨਹੀਂ ਸਕਿਆ ਸੀ ਉਹ
ਅੱਖਾਂ 'ਚੋਂ ਵਹਿੰਦੇ ਪਾਣੀ ਨੂੰ ।

ਸਿਸਕ ਉੱਠੀ ਤਦ ਮੇਰੀ ਆਤਮਾ
ਸੋਚਾਂ 'ਚ ਡੁੱਬਿਆ ਮੇਰਾ ਮਨ ।
ਆਪਣੇ ਸੁਖ ਭਰੇ ਜੀਵਨ 'ਚੋਂ
ਕੀ ਵੰਡਾਂ ਮੈਂ ਉਸਦੇ ਸੰਗ ।

ਨੈਣਾਂ ਨੇ ਨੈਣਾਂ ਦੀ ਬੋਲੀ
ਚੰਗੀ ਤਰ੍ਹਾਂ ਪਛਾਣੀ ਸੀ
ਰੇਤ 'ਚ ਕਿਰਦੇ ਹੰਝੂਆਂ ਦੇ ਸੰਗ
ਮੇਰੇ ਨੈਣਾਂ ਦਾ ਪਾਣੀ ਵੀ ਸੀ ।

# ਸੀਤ ਦੇ ਦੋ ਰੂਪ

ਸੀਤ ਸੁਹਾਨੀ
ਕੋਮਲ ਤਨ ਤੇ,
ਗਰਮ ਵਾਤਾਵਰਣ
ਕਮਰਿਆਂ ਦਾ ।

ਗਰਮ ਰਜਾਈ
ਗਰਮ ਨੇ ਕਪੜੇ,
ਸਿਰ ਤੋਂ ਪੈਰ
ਗਰਮ ਗਰਮ,
ਕਾਫ਼ੀ ਦੇ ਪਿਆਲਿਆਂ ਦੀ
ਗਰਮੀ ਵਿਚ ਗੁਆਚੇ,
ਡਨਲਪ ਦੇ ਗੱਦਿਆਂ ਦੀ
ਨਰਮੀ ਵਿਚ ਗੁਆਚੇ,

ਸੀਤ ਉਹੀ ਏ,
ਕਟਦੀ ਨਹੀਂ ਏ,
ਅੱਧਕੱਜੇ ਜਿਸਮਾਂ ਤੋਂ,
ਫ਼ਟੀ ਏ ਧੋਤੀ
ਟੁੱਟੇ ਜੁੱਤੇ,
ਟੁੱਟਾ ਦਰਪਣ
ਹੀ ਮਨ ਦਾ ।

ਬਰਫ਼ ਤੋਂ ਠੰਡੀਆਂ
ਚਲਣ ਹਵਾਵਾਂ,
ਝੀਥਾਂ ਦੇ

ਅੰਦਰ ਤਕ ਜਾਵਣ ।

ਅੱਗ ਵੀ ਠੰਢੀ
ਹੋ ਗਈ ਸ਼ਾਇਦ,
ਹਿੰਮਤ ਵੀ
ਮੂੰਹ ਫੇਰ ਗਈ,
ਗਲੇ ਦੀ ਖਾਂਸੀ
ਦਮੇ 'ਚ ਬਦਲੀ,
ਆਕੜਿਆ ਜਿਸਮ
ਸਦਾ ਲਈ ।

ਕਿਵੇਂ ਸਮਝਣਗੇ
ਇਹ ਗੱਲਾਂ,
ਆਲੀਸ਼ਾਨ
ਬੰਗਲਿਆਂ 'ਚ ਬੈਠੇ,
ਕਿਵੇਂ ਪਹੁੰਚਣ
ਸਰਦ ਹਵਾਵਾਂ,
ਉਹਨਾਂ ਦਿਆਂ ਬੰਦ
ਕਮਰਿਆਂ ਵਿੱਚ ।

# ਇਹ ਰਿਸ਼ਤੇ ਨਾਤੇ

ਇਹ ਰਿਸ਼ਤੇ ਨਾਤੇ
ਇਹ ਸਭ ਕੀ ਨੇ ?
ਕੁਝ ਸਮਝ ਨਹੀਂ ਆਉਂਦਾ ਏ,
ਕੁਝ ਕਿਹਾ ਵੀ ਤਾਂ ਨਹੀਂ ਜਾਂਦਾ ਏ ।

ਇਹ ਚਿਰਾਗ਼ੇ-ਰੌਸ਼ਨੀ ਏ
ਜੋ ਦੂਜਿਆਂ ਨੂੰ ਰਾਹ ਦਿਖਾਂਦੇ ਨੇ,
ਜਾਂ ਦਹਿਕਦੇ ਅੰਗਿਆਰੇ ਨੇ
ਜੋ ਉਹਨਾਂ ਦੇ ਘਰ ਜਲਾਂਦੇ ਨੇ ?

ਇਹ ਫੁੱਲਾਂ ਦੀਆਂ ਲੜੀਆਂ ਨੇ
ਜੋ ਸੁਗੰਧੀ ਦੇਂਦੀਆਂ ਨੇ,
ਜਾਂ ਲੋਹੇ ਦੀਆਂ ਕੜੀਆਂ ਨੇ
ਜੋ ਸਭ ਨੂੰ ਜਕੜਦੀਆਂ ਨੇ ?
ਇਹ ਉਹ ਚਟਾਨਾਂ ਨੇ
ਜੋ ਢਾਲ ਬਣਦੀਆਂ ਨੇ,
ਜਾਂ ਤਿੱਖੀਆਂ ਤਲਵਾਰਾਂ ਨੇ
ਜੋ ਜੜ੍ਹਾਂ ਵੀ ਵੱਢ ਦੇਂਦੀਆਂ ਨੇ ?

ਇਹ ਉਹ ਵਹਿੰਦਾ ਦਰਿਆ ਏ
ਜੋ ਪਾਰ ਲਗਾਉਂਦਾ ਏ,
ਜਾਂ ਉਹ ਇਕ ਭੰਵਰ ਏ
ਜੋ ਡੁਬੋ ਦੇਂਦਾ ਏ ?
ਇਹ ਉਹ ਅੰਮ੍ਰਿਤ ਜਲ ਏ

ਜੋ ਅਮਰ ਬਣਾ ਦਿੰਦਾ ਏ,
ਜਾਂ ਉਹ ਵਿਸ਼ ਦਾ ਪਿਆਲਾ ਏ
ਜੋ ਸਦਾ ਲਈ ਮਿਟਾ ਦਿੰਦਾ ਏ ?

ਇਹ ਰਿਸ਼ਤੇ ਨਾਤੇ ....
ਇਹ ਕੀ ਨੇ, ਇਹ ਕੀ ਨੇ,
ਕੁਝ ਸਮਝ ਨਹੀਂ ਆਉਂਦਾ ਏ
ਕੁਝ ਕਿਹਾ ਵੀ ਨਹੀਂ ਜਾਂਦਾ ਏ ?

# ਇਹ ਤਕਰਾਰਾਂ

ਇਹ ਤਕਰਾਰਾਂ,
ਇਕ ਤਕਰਾਰਾਂ ਤੇ ਤਕਰਾਰਾਂ,
ਇਹ ਬੇਬੁਨਿਆਦ ਤਕਰਾਰਾਂ,
ਇਹ ਖੋਖਲੀਆਂ ਤਕਰਾਰਾਂ
ਇਹ ਉਲਝਦੀਆਂ ਹੀ ਜਾਂਦੀਆਂ ਨੇ,
ਬਸ ਉਲਝਦੀਆਂ ਹੀ ਜਾਂਦੀਆਂ ਨੇ ।

ਕਿਉਂ ਏ ..... ਕਿਵੇਂ ਏ ......
ਇਸੇ ਚੱਕਰ ਵਿਚ
ਸਾਰੀ ਦੁਨੀਆਂ ਫਸੀ ਏ ।
' ਮੈਂ ' ਹੀ ' ਮੈਂ ' ਦੀ ਰਟ
ਸਭ ਨੂੰ ਲੱਗੀ ਏ ।

ਇੰਵ ਨਹੀਂ ਉਂਵ .... ਉਂਵ ਨਹੀਂ ਇੰਵ
ਤੂੰ ਨਹੀਂ ਮੈਂ .... ਮੈਂ ਨਹੀਂ ਤੂੰ,
ਏਧਰ ਨਹੀਂ ਉਧਰ ... ਉਧਰ ਨਹੀਂ ਏਧਰ,
ਇਥੇ ਨਹੀਂ ਉੱਥੇ ... ਉੱਥੇ ਨਹੀਂ ਇਥੇ,
ਇਹ ਨਹੀਂ ਉਹ ..... ਉਹ ਨਹੀਂ ਇਹ ।

ਇਨਸਾਨ ਦੇ ਇਸ ਜੀਵਨ ਵਿਚ
ਬਸ ਇਹੀ ਤਾਂ ਰਹਿ ਗਿਆ ਏ,
ਤਕਰਾਰਾਂ ਦੀਆਂ ਜ਼ੰਜੀਰਾਂ ਵਿਚ
ਉਹ ਜਕੜ ਕੇ ਰਹਿ ਗਿਆ ਏ ।

ਜੀਵਨ ਦੀ ਇਸ ਭੱਜ ਦੌੜ ਵਿਚ
ਰੁਕਾਵਟ ਜਿਹੀ ਆ ਗਈ ਏ,
ਤਕਰਾਰਾਂ ਵਿਚ ਪੈਣ ਦੀ
ਇਕ ਆਦਤ ਜਿਹੀ ਬਣ ਗਈ ਏ ।

ਤਕਰਾਰਾਂ ਦੀਆਂ ਨੀਹਾਂ ਤੇ
ਮਹਿਲ ਨਹੀਂ ਟਿਕਦੇ ਨੇ,
ਦਰਾਰਾਂ ਪੈ ਜਾਂਦੀਆਂ ਨੇ,
ਸਭ ਟੁੱਟ ਜਾਂਦਾ ਏ,
ਸਭ ਡਹਿ ਜਾਂਦਾ ਏ,
ਕੁਝ ਵੀ ਨਹੀਂ ਰਹਿ ਜਾਂਦਾ ਏ ।

ਚਲੋ ਨਾ ਕਿਤੇ ਅੱਗੇ ਹੀ
ਅੱਗੇ ਨਿਕਲ ਜਾਈਏ ।
ਤਕਰਾਰਾਂ 'ਚ ਨਾ ਪੈ ਕੇ
ਕੁਝ ਕਰ ਕੇ ਦਿਖਾਈਏ,
ਕੁੜੱਤਣ ਦੀ ਜ਼ਿੰਦਗੀ ਤੋਂ
ਛੁਟਕਾਰਾ ਤਾਂ ਪਾਈਏ ।

ਕੁਝ ਮਿੱਠੇ ਬੋਲਾਂ ਨਾਲ,
ਕੁਝ ਮੁਸਕਾਨਾਂ ਨਾਲ,
ਜ਼ਿੰਦਗੀ ਦੀ ਰਾਹ ਤੇ,
ਨਵ-ਰਸ ਵਰਸਾਈਏ ।

# ਉਹ ਦਿਨ ਕਦ ਆਏਗਾ

ਸੋਚਾਂ ਦੇ ਸਮੁੰਦਰ ਵਿਚ
ਡੁੱਬਿਆ ਹੋਇਆ ਇਨਸਾਨ,
ਰਸਮਾਂ ਦੇ ਅਡੰਬਰ ਵਿਚ
ਉਲਝਿਆ ਹੋਇਆ ਇਨਸਾਨ,
ਇਸ ਪੇਟ ਦੀ ਜਵਾਲਾ ਵਿਚ
ਬਲਦਾ ਹੋਇਆ ਇਨਸਾਨ,
ਮਾਇਆ ਦੀ ਦਲਦਲ ਵਿਚ
ਧਸਦਾ ਹੋਇਆ ਇਨਸਾਨ ।

ਉਹ ਦਿਨ ਕਦ ਆਏਗਾ ....
ਜਦ, ਸੋਚਾਂ ਦੇ ਸਮੁੰਦਰ 'ਚੋਂ
ਰਸਮਾਂ ਦੇ ਅਡੰਬਰ ਤੋਂ
ਇਸ ਪੇਟ ਦੀ ਜਵਾਲਾ ਤੋਂ
ਮਾਇਆ ਦੀ ਦਲਦਲ 'ਚੋਂ
ਇਹ ਇਨਸਾਨ ਮੁਕਤੀ ਪਾਏਗਾ ?

ਕਾਸ਼ ! ਉਹ ਦਿਨ ਆ ਜਾਏ
ਉਸਦਾ ਜਨਾਜ਼ਾ ਉੱਠਣ ਤੋਂ ਪਹਿਲਾਂ ।

# ਦਰਦ-ਓ-ਗ਼ਮ

ਬਣ ਜਾਏ ਦਰਦ
ਜਦ ਦਿਲ ਦਾ ਹਿੱਸਾ,
ਤਾਂ ਦਰਦ-ਓ-ਗ਼ਮ
ਕਹਾਉਂਦਾ ਹੈ ।

ਇਹੀ ਦਰਦ ਜਦ
ਸੁਰ ਵਿਚ ਨਿਕਲੇ,
ਤਾਂ ਬਿਰਹਾ ਰਾਗ
ਕਹਾਉਂਦਾ ਹੈ ।

ਤੇ ਬਿਰਹਾ 'ਚ ਡੁੱਬਿਆ
ਹੋਇਆ ਮਨ,
' ਚਾਤ੍ਰਿਕ ' ਜਿਹਾ
ਬਣ ਜਾਂਦਾ ਹੈ ।

ਵਰਖਾ ਦੀਆਂ ਬੂੰਦਾਂ
ਚਾਤ੍ਰਿਕ ਨੂੰ,
ਹੰਝੂ ਦੀ ਧਾਰਾ
ਉਸ ਮਨ ਨੂੰ,
ਅਤ੍ਰਿਪਤ ਜਿਹਾ ਤ੍ਰਿਪਤ
ਕਰ ਪਾਉਂਦੀ ਏ ।

## ਦਰਦ ਦਾ ਅਹਿਸਾਸ

ਦਰਦ ਤੋਂ ਜ਼ਿਆਦਾ
ਉਸ ਦਾ ਅਹਿਸਾਸ
ਜਾਨ ਲੇਵਾ ਹੈ ।

ਗ਼ਮ ਤੋਂ ਜ਼ਿਆਦਾ
ਉਹਦਾ ਖ਼ਿਆਲ
ਜਾਨ ਲੇਵਾ ਹੈ ।

ਜਿਸਮ ਦਾ ਦਰਦ
ਜਦ ਮਨ 'ਚ ਸਮਾ ਜਾਏ,
ਤਾਂ ਉਸ ਦਰਦ ਤੋਂ
ਇਹ ਦਰਦ
ਕਿਤੇ ਜ਼ਿਆਦਾ
ਜਾਨ ਲੇਵਾ ਹੈ ।

# ਦਰਦ ਨਾਲ ਰਿਸ਼ਤਾ

ਦਰਦ ਨਾਲ ਰਿਸ਼ਤਾ
ਜੁੜ ਜਾਂਦਾ ਏ
ਜੀਵਨ ਵਿਚ ਕਈ ਵਾਰ ।

ਮੁਸਕਾਨਾਂ ਵਿਚ
ਦਰਦ ਭਰੇ ਇਹ
ਹੁੰਦਾ ਏ ਕਈ ਵਾਰੀ ।

ਸੁਖ ਦਾ ਸਮਾਂ
ਉਡੇ ਪਲ ਭਰ ਵਿਚ,
ਦੁਖ ਦਾ ਪਲ
ਰੁਕ ਜਾਂਦਾ ਏ ।

ਜੀਵਨ ਦੀਆਂ ਖੁਸ਼ੀਆਂ
ਦਾ ਦਾਮਨ, ਹੰਝੂਆਂ
ਨਾਲ ਭਰ ਜਾਂਦਾ ਏ ।

# ਦਰਦ ਦੇ ਰਿਸ਼ਤੇ

ਜੀਵਨ ਵਿਚ
ਰਿਸ਼ਤਿਆਂ ਦੀ
ਕੋਈ ਕਮੀ ਤਾਂ ਨਹੀਂ,
ਪਰ ਕੁਝ ਰਿਸ਼ਤਿਆਂ
ਦੀ ਅਹਿਮੀਅਤ
ਆਪਣੀ ਹੀ ਹੋਇਆ ਕਰਦੀ ਹੈ ।

ਇਨ੍ਹਾਂ ਦੀ ਬੁਨਿਆਦ
ਦਰਦ ਤੇ ਖੜ੍ਹੀ ਹੁੰਦੀ ਏ,
ਤੇ ਇਨ੍ਹਾਂ ਦੀ
ਇਮਾਰਤ ਵੀ
ਦਰਦ ਨਾਲ ਚਿਣੀ ਹੁੰਦੀ ਏ ।

ਇਹ ਰਿਸ਼ਤੇ ਬਹੁਤ
ਪਿਆਰੇ ਹੋਇਆ ਕਰਦੇ ਨੇ,
ਤੇ ਇਨ੍ਹਾਂ 'ਚ ਇਕ ਮਿੱਠੀ ਜਿਹੀ
ਕਸਕ ਵੀ ਹੋਇਆ ਕਰਦੀ ਏ ।

ਲਹੂ ਦਾ ਵਹਿਣ ਇਕ
ਨਾ ਹੋਇਆ ਤਾਂ ਕੀ,
ਇਨ੍ਹਾਂ 'ਚ ਦਰਦ ਦੀ ਇਕ
ਲਹਿਰ ਉਭਰਦੀ ਏ ।

# ਉਦਾਸੀ ਦੀਆਂ ਇਹ ਪਰਤਾਂ

ਜ਼ਿੰਦਗੀ ਕਈ ਵਾਰੀ ਸ਼ਬੇ-ਗ਼ਮ ਦੀ ਦਹਿਲੀਜ਼ ਤੇ
ਇੰਵ ਕੁਚਲੀ ਜਾਂਦੀ ਏ
ਕਿ ਹੱਸਣਾ ਤਾਂ ਕੀ ਰੋਣਾ ਵੀ
ਦੁਸ਼ਵਾਰ ਜਿਹਾ ਲੱਗਦਾ ਏ ।

ਦਿਲ ਦੀਆਂ ਗਹਿਰਾਈਆਂ 'ਚੋਂ
ਆਹਾਂ ਦੇ ਸਮੁੰਦਰ 'ਚੋਂ
ਹੂਕਾਂ ਦਾ ਇਕ ਜਵਾਰ ਜਿਹਾ
ਉਠਦਾ ਈ ਜਾਂਦਾ ਏ ।

ਉਦਾਸੀ ਦੀਆਂ ਇਹ ਪਰਤਾਂ
ਜੰਮਦੀਆਂ ਹੀ ਜਾਂਦੀਆਂ ਨੇ
ਤੇ ਦਿਲ ਦਿਮਾਗ਼ ਨੂੰ
ਬੋਝਲ ਕਰੀ ਜਾਂਦੀਆਂ ਨੇ ।

ਇਹ ਬੇਚੈਨੀ, ਇਹ ਉਦਾਸੀ
ਫਿਰ ਸਹਿਣ ਨਹੀਂ ਹੁੰਦੀ,
ਤੇ ਦਿਮਾਗ਼ ਦੀਆਂ ਸਭ ਨਸਾਂ
ਇਉਂ ਕਸ ਜਾਂਦੀਆਂ ਨੇ,
ਜਿਵੇਂ ਉਹ ਕਦੇ ਵੀ
ਚਟਖ ਕੇ ਟੁੱਟ ਜਾਣਗੀਆਂ ।

# ਭਿਜੀਆਂ ਪਲਕਾਂ

ਆਪਣੇ ਹੀ ਗ਼ਮ ਵਿਚ ਕਿਉਂ
ਪਲਕਾਂ ਭਿਉਂਈ ਜਾਂਦੇ ਓ,
ਆਪਣੇ ਹੀ ਦੁੱਖਾਂ ਵਿਚ ਕਿਉਂ
ਇੰਨਾ ਖੁੱਭੀ ਜਾਂਦੇ ਓ ?

ਕਿਸੇ ਦੇ ਗ਼ਮ ਵਿਚ ਜਦ
ਇਹ ਪਲਕਾਂ ਭਿਜਣਗੀਆਂ,
ਕਿਸੇ ਦੀਆਂ ਆਹਾਂ ਜਦ
ਇਸ ਦਿਲ 'ਚ ਉਤਰਣਗੀਆਂ ।

ਦੁਖ ਆਪਣੇ ਭੁੱਲ ਕੇ ਤਦ
ਸੁੱਖਾਂ ਦੀ ਗਿਣਤੀ ਕਰ,
ਨਮ ਹੁੰਦੀਆਂ ਪਲਕਾਂ ਨਾਲ
ਇਸ ਜੱਗ ਨੂੰ ਵੇਖੋਗੇ ।

ਜੱਗ ਬਦਲਿਆ ਜਾਪੇਗਾ
ਦੁੱਖਾਂ ਵਿਚ ਲਿਪਟਿਆ ਹੋਇਆ,
ਸਾਨੂੰ ਵੀ ਕੁਝ ਤਾਂ ਦਿਓ
ਤੁਹਾਨੂੰ ਇਹ ਕਹਿੰਦਾ ਹੋਇਆ ।

ਤੁਸੀਂ ਭੱਜੇ ਜਾਉਗੇ
ਆਪਣਾ ਕੁਝ ਦੇਣ ਲਈ,
ਤੇ ਉਹਦੇ ਬਦਲੇ ਵਿਚ
ਇਕ ਸ਼ਾਂਤੀ ਲੈਣ ਲਈ ।

## ਜਾਲਾ

ਮਨ ਵਿਆਕੁਲ ਹੋ
ਬੁਣਦਾ ਜਾਂਦਾ
ਤਾਰ ਤੇ ਤਾਰ
ਚੜ੍ਹਾਉਂਦਾ ਜਾਂਦਾ ।

ਮਕੜੀ ਵਾਂਗੂੰ
ਹੌਲੀ-ਹੌਲੀ
ਆਪਣਾ ਜਾਲ
ਫ਼ੈਲਾਉਂਦਾ ਜਾਂਦਾ ।

ਕੁਝ ਸਹੀ
ਕੁਝ ਗ਼ਲਤ
ਕੁਝ ਗ਼ਲਤ
ਉਹ ਖ਼ੁਦ ਹੀ,
ਸੋਚ ਤੇ ਸੋਚ
ਚੜ੍ਹਾਉਂਦਾ ਜਾਂਦਾ ।

ਖ਼ਿਆਲਾਂ ਦੀ ਇਸ
ਉਲਝਣ ਵਿਚ ਉਹ
ਆਪਣਾ ਆਪ
ਭੁਲਾਉਂਦਾ ਜਾਂਦਾ ।

ਮਕੜੀ ਦਾ ਜਾਲਾ
ਜੇ ਤੋੜੋ

ਉਹ ਫਿਰ ਤੋਂ
ਜਾਲਾ ਬੁਣਦੀ ਏ,
ਆਪਣੇ ਬੁਣੇ
ਜਾਲੇ ਦੇ ਵਿਚ
ਲਿਪਟ ਸੁਕੜ ਕੇ
ਮਰ ਜਾਂਦੀ ਏ ।

ਉਂਞ ਹੀ ...
ਇਨਸਾਨੀ ਮਨ ....
ਨਿਤ ਨਵੇਂ ਜਾਲੇ
ਬੁਣਦਾ ਏ,
ਆਪਣੀ ਜੰਮੀ
ਇਸ ਪੀੜ ਵਿਚ
ਘੁਣ ਵਾਂਗੂੰ ਈ
ਪਿਸ ਜਾਂਦਾ ਏ ।

# ਅੰਤਰ ਵਿਰੋਧ

ਮੁਕਤੀ ਚਾਹੁੰਦਾ ਹੈ ਇਹ ਮਨ,
ਇਸ ਭੱਜ ਦੌੜ
ਇਸ ਚਕਾਚੌਂਧ ਤੋਂ,
ਜਿਵੇਂ ਖ਼ੁਦ ਜੀਵਨ ਤੋਂ ।

ਅੱਖਾਂ ਸਭ ਕੁਝ
ਵੇਖ ਰਹੀਆਂ ਨੇ,
ਫਟੀਆ ਫਟੀਆਂ
ਹਰ ਪਲ ।

ਕੰਨ ਸੁਣ ਰਹੇ
ਸਭ ਸ਼ੋਰ ਸ਼ਰਾਬਾ,
ਕਹਿਣ ਮੈਨੂੰ ਵੀ,
'ਸ਼ੋਰ ਮਚਾਵੋ' ।

ਸਵਾਦ ਲੈ ਰਹੀ
ਜ਼ੁਬਾਨ ਹਰ ਪਲ
ਫੇਰ ਕਿਉਂ ਕੌੜੀ
ਹੁੰਦੀ ਜਾਂਦੀ ?

ਹੱਥ ਛੂਹ ਰਹੇ
ਫੁੱਲ ਪੱਤਿਆਂ ਨੂੰ,
ਕਿਉਂ ਕੰਡਿਆਂ ਨਾਲ
ਭਰਦੇ ਜਾਂਦੇ ?

ਹਰ ਖ਼ੁਸ਼ਬੂ
ਕਿਉਂ ਹੌਲੀ-ਹੌਲੀ,
ਜ਼ਹਿਰੀਲੀ ਜਿਹੀ
ਗੈਸ ਬਣੀ ਏ ?

ਸਭ ਹੈ, ਪਰ ਕਿਤੇ
' ਕੁਝ ' ਦੀ ਕਮੀ ਏ,
ਉਹ ' ਕੁਝ ' ਕੀ ਏ ?
ਪਤਾ ਨਹੀਂ ਏ ।

ਸ਼ਾਇਦ ਉਹ ' ਕੁਝ '
ਕਿਤੇ ਅੰਦਰ ਹੀ,
ਸੰਨ੍ਹ ਲਗਾਈ
ਬੈਠਾ ਏ ।

ਬਾਹਰ ਦਾ ' ਸਭ '
ਅੰਦਰ ਦਾ ' ਕੁਝ '
ਇਨ੍ਹਾਂ 'ਚ ਅੰਤਰ-ਵਿਰੋਧ
ਚਲਦਾ ਹੀ ਰਹਿੰਦੈ ।

# ਪਿਆਰ ਭਰੇ ਦੋ ਬੋਲ

ਸ਼ੀਸ਼ਾ ਤਿੜਕ ਗਿਆ,
ਮੋਤੀ ਬਿਖਰ ਗਏ,
ਫੁੱਲ ਕੁਮਲਾ ਗਏ,
ਦਿਲ ਚੂਰ ਹੋਇਆ ।

ਚਟਖਿਆ ਸ਼ੀਸ਼ਾ,
ਬਿਖਰੇ ਮੋਤੀ,
ਟੁੱਟੀਆਂ ਪੱਤੀਆਂ,
ਵੇਖੀਆਂ ਸਭਨੇ ।

ਵੇਖ ਨਹੀਂ ਸਕਿਆ ਪਰ ਕੋਈ
ਚੂਰ ਹੋਇਆ ਇਹ ਨਾਜ਼ੁਕ ਦਿਲ ।

ਨਾ ਜੁੜੇਗਾ ਟੁੱਟਿਆ ਸ਼ੀਸ਼ਾ
ਨਾ ਮਾਲਾ ਬਿਖਰੇ ਮੋਤੀਆਂ ਦੀ,
ਟੁੱਟੀਆਂ ਪੱਤੀਆਂ ਨਾਲ ਨਾ ਬਣਦਾ,
ਫੁੱਲ ਕੋਈ, ਸ਼ੋਭਾ ਡਾਲੀ ਦੀ ।

ਪਰ ਟੁੱਟਾ ਦਿਲ ਤਾਂ ਜੁੜ ਸਕਦਾ ਏ
ਪਿਆਰ ਭਰੇ ਦੋ ਬੋਲਾਂ ਨਾਲ ਈ ।
ਵਹਿੰਦੇ ਹੰਝੂ ਰੁਕ ਜਾਂਦੇ ਨੇ
ਸਨੇਹ ਦਾ ਦਾਮਨ ਮਿਲ ਜਾਂਦੇ ਈ ।

ਫਿਰ ਕਿਉਂ ਨਾ ਅਸੀਂ ਇਸ ਜੀਵਨ ਵਿਚ
ਕਹਿੰਦੇ ਜਾਈਏ ਪਿਆਰੇ ਇਹ ਬੋਲ,
ਜੀਵਨ ਦੀ ਕੜਵਾਹਟ ਵਿਚ ਇਹ
ਦੇਂਦੇ ਨੇ ਅਸੀਮ ਰਸ ਘੋਲ ।

# ਮਾਲਾ ਦਾ ਮੋਤੀ

ਕਹਿੰਦਾ ਇਕ ਮਾਲਾ ਦਾ ਮੋਤੀ,
ਕੀ ਹੁੰਦੀ ਤਦ ਮੇਰੀ ਹਸਤੀ
ਜੇਕਰ ਇਹ ਮਾਲਾ ਨਾ ਹੁੰਦੀ ?

ਧਾਗੇ ਵਿਚ ਬੱਝ ਜਾਵਣ ਨਾਲ
ਕਿਸੇ ਗਲੇ ਦਾ ਹਾਰ ਸੀ ਬਣਿਆ
ਸਿਹਰੇ ਦੀਆਂ ਲੜੀਆਂ ਵਿਚ ਸਜਿਆ ।

ਦਿਨ ਰਾਤ ਫਿਰਾਂਦਾ ਸੀ ਮੈਨੂੰ
ਲੈ ਲੈ ਕੇ ਜੋਗੀ ਹੱਥ ਵਿਚ
ਮੈਂ ਮਸਤੀ ਵਿਚ ਰਮ ਜਾਂਦਾ ਸੀ ।

ਹਰ ਦਮ ਰਹਿੰਦਾ ਸੀ ਉਸਦੇ
ਮੁਖ ਤੇ ਤਦ ਨਾਮ ਖ਼ੁਦਾ ਦਾ
ਮੈਂ ਚੁਪਕੇ ਜਿਹੇ ਸੁਣ ਲੈਂਦਾ ਸੀ ।

ਮੋਤੀ ਨਾਲ ਮੋਤੀ ਜੁੜ ਜਾਂਦਾ
ਮਾਲਾ ਉਹ ਬਣ ਜਾਂਦੀ ਏ
ਕਿਸੇ ਦਾ ਨਾਮ ਜਪਾਂਦੀ ਏ ।

ਦਿਲ ਨਾਲ ਦਿਲ ਜੁੜ ਜਾਵਣ ਤੇ
ਪਿਆਰ ਦੀ ਮਾਲਾ ਬਣਦੀ ਏ
ਜੋ ਪ੍ਰੀਤ ਸੁਨੇਹਾ ਦੇਂਦੀ ਏ ।

# ਮਾਨਵ ਮਨ

ਮਾਨਵ ਮਨ ...
ਕਦੀ ਕਲੀ ਜਿਹਾ ਮੁਸਕਾਉਂਦਾ,
ਪਲ ਭਰ ਵਿਚ ਫੁੱਲ ਜਿਹਾ ਖਿੜ ਜਾਂਦਾ,
ਫਿਰ ਬਿਖਰ ਜ਼ਮੀਨ ਤੇ ਡਿੱਗ ਜਾਂਦਾ,
ਤੇ ਪੈਰਾਂ ਹੇਠ ਮਿਧਿਆ ਜਾਂਦਾ ।

ਮਾਨਵ ਮਨ ....
ਭੌਰੇ ਜਿਹਾ ਉਡਦਾ ਜਾਂਦਾ,
ਕਲੀ-ਕਲੀ ਨੂੰ ਚੁੰਮ-ਚੁੰਮ ਕੇ,
ਮਨ ਆਪਣਾ ਪਰਚਾਉਂਦਾ ਜਾਂਦਾ,
ਫਿਰ ਵਾਪਸ ਉਹ ਕਦੀ ਨਾ ਆਉਂਦਾ ।

ਮਾਨਵ ਮਨ ....
ਅੰਦਰ ਹੀ ਅੰਦਰ ਧੁਖ-ਧੁਖ ਕੇ,
ਕ੍ਰੋਧ ਦੀ ਜੁਆਲਾ ਵਿਚ ਜਲ ਜਲ ਕੇ,
ਸ਼ੋਅਲਾ ਬਣ ਕੇ ਭੜਕ ਉਹ ਜਾਂਦਾ,
ਚਾਰੋਂ ਪਾਸੇ ਅੱਗ ਲਗਾਂਦਾ ।

## ਇਹ ਅਨਮੋਲ ਮੁਸਕਾਨਾਂ

ਮੈਂ ਅੱਜ ਗ਼ਰੀਬੀ ਨੂੰ ਮੁਸਕ੍ਰਾਂਉਂਦੇ ਤੱਕਿਆ,
ਬੋਝ ਥੱਲੇ ਦੱਬੀਆਂ ਲਿਟਾਂ ਨੂੰ ਲਹਿਰਾਉਂਦੇ ਤੱਕਿਆ,
ਇਕ ਅਧਨੰਗੇ ਬੱਚੇ ਨੂੰ ਦੁੱਧ ਪਿਲਾਉਂਦੇ ਤੱਕਿਆ,
ਲੋਰੀ ਗਾ, ਫਿਰ ਉਸਨੂੰ ਸਲਾਉਂਦੇ ਤੱਕਿਆ ।

ਆਸ਼ਾ ਸੀ ਉਹਨਾਂ ਅੱਖਾਂ ਵਿਚ,
ਪਿਆਸ ਸੀ ਉਹਨਾਂ ਬੁਲ੍ਹਾਂ ਵਿਚ,
ਲਾਲੀ ਛਿਪੀ ਸੀ ਗੱਲ੍ਹਾਂ ਵਿਚ,
ਪਿਆਰ ਸੀ ਉਹਨਾਂ ਬਾਹਾਂ ਵਿਚ ।

ਉਹਨਾਂ ਅਣਮੋਲ ਮੁਸਕਾਨਾਂ ਨੇ
ਨਾ ਜਾਣਾਂ ਕੀ ਦੇ ਦਿੱਤਾ,
ਬਹੁਤ ਦਿਨਾਂ ਦੀ ਥੱਕੀ-ਹਾਰੀ
ਖਿੜ ਉੱਠੀ ਮੈਂ, ਝੂਮ ਉੱਠੀ ਮੈਂ,
ਗੀਤ ਖ਼ੁਸ਼ੀ ਦੇ ਗਾ ਉੱਠੀ ਮੈਂ ।

ਕਿੱਦਾਂ ਮੈਂ ਕਿਸਨੂੰ ਸਮਝਾਵਾਂ
ਕੀ ਸੀ ਉਨ੍ਹਾਂ ਮੁਸਕਾਨਾਂ ਵਿਚ ?
ਕੀ ਮਿਲਿਆ ਸੀ ਆਖ਼ਰ ਮੈਨੂੰ
ਉਨ੍ਹਾਂ ਹੱਸਦੀਆਂ ਹੋਈਆਂ ਅੱਖਾਂ ਵਿਚ ?
ਦਿਲ ਕੀਤਾ, ਗਲ ਨਾਲ ਮੈਂ ਲਗਾ ਲਾਂ ਉਸਨੂੰ,
ਕੁਝ ਉਸਦੀ ਸੁਣਾਂ ਕੁਝ ਆਪਣੀ ਕਹਾਂ,
ਪਿਆਰ ਭਰੇ ਦੋ ਬੋਲ ਤਾਂ, ਮੈਂ ਸੁਣਾ ਲਾਂ ਉਸਨੂੰ ।

ਪਰ ਮੁਸਕਾਨਾਂ ਦੇ ਬਦਲੇ ਮੈਂ,
ਮੁਸਕਾਨਾਂ ਹੀ ਦੇ ਸਕੀ ।
ਮੇਰੇ ਦਿਲ ਵਿਚ ਉਠਦਾ ਪਿਆਰ,
ਉਹ ਇਸੇ ਤਰ੍ਹਾਂ ਹੀ ਲੈ ਸਕੀ ।

# ਪੈਚ ਲੱਗੇ ਫ਼ਰਸ਼

ਠਕਾਠਕ ਠਕ ਠਕਾਠਕ ਠਕ,
ਕਿੱਲ, ਹਥੌੜੀ, ਮਸ਼ੀਨ ਦੀ ਘਰਘਰ,
ਖਾ ਰਹੀ ਸੀ ਕੰਨਾਂ ਨੂੰ ।

ਤੱਕਿਆ ਜਾ ਕੇ ਵਿਨ੍ਹ ਰਹੇ ਸਨ,
ਬੇਰਹਿਮੀ ਨਾਲ, ਬੇਦਰਦੀ ਨਾਲ,
ਸਾਲਾਂ ਪਹਿਲਾਂ ਬੜੇ ਪਿਆਰ ਨਾਲ,
ਬਣਾਏ ਗਏ ਫ਼ਰਸ਼ਾਂ ਨੂੰ ।

ਕਹਿਣ ਲੱਗੇ ਥੱਲੇ ਦੀਮਕ ਏ,
ਖਾ ਜਾਏਗੀ ਇਹਨਾਂ ਫ਼ਰਸ਼ਾਂ ਨੂੰ,
ਦਵਾ ਪਾਣ ਤੇ ਸ਼ਾਇਦ
ਉਹ ਮਰ ਜਾਏਗੀ ।

ਹੁਣ ....
ਹਰ ਕਦਮ ਤੇ ਇਕ
ਬੇਹਦ ਭੱਦਾ ਪੈਚ ਲੱਗਿਆ ਏ,
ਵਿੰਨੇ ਹੋਏ ਫ਼ਰਸ਼ਾਂ ਤੇ ਚਲਦੇ
ਬੇਹਦ ਦੁੱਖ ਹੁੰਦਾ ਏ ।

ਸਵਾਲ ਉਠਦੇ ...
ਕੀ ਦੀਮਕ ਫ਼ਰਸ਼ਾਂ ਦਾ ਇੰਜ
ਨਾਸ਼ ਕਦੇ ਵੀ ਕਰ ਸਕਦੀ ?
ਜੋ ਖ਼ੁਦ ਆਪਣੇ ਹੱਥੀਂ
ਅਸੀਂ ਕਰ ਛੱਡਿਆ ਏ ।

ਇਦਾਂ ਹੀ ....
ਕਿਸੇ ਅਣਜਾਣ ਦੀਮਕ
ਦੀ ਸੋਚ
ਅਸੀਂ ਖ਼ੁਦ ਨੂੰ ਵਿਨ੍ਹ ਰਹੇ
ਪਲ ਪਲ ਜੀਵਨ ਭਰ ।
ਬਦਸੂਰਤ ਜਿਹੇ ਪੈਚ ਤਾਂ ਜਿੱਦਾਂ
ਵਧਦੇ ਹੀ ਜਾਂਦੇ,
ਬਦਰੰਗ, ਬੇਢੱਬੇ
ਮੂੰਹ ਚਿੜਾਂਦੇ ।

ਨਾ ਜਾਣਾ ਕਿਉਂ ਮੈਨੂੰ
ਇਹਨਾਂ ਪੈਚ ਲੱਗੇ ਫ਼ਰਸ਼ਾਂ ਵਿਚ
ਅੱਜ ਦਾ ਮਨੁੱਖ
ਨਜ਼ਰ ਆਉਂਦਾ ਏ ।

# ਕੈਦੀ ਤੇ ਨਿੱਕੀ ਖਿੜਕੀ

ਇਕ ਨਿੱਕੀ ਖਿੜਕੀ
ਧੁੰਧਲਾ ਸ਼ੀਸ਼ਾ
ਬਾਹਰ ਸਲਾਖਾਂ
ਪਰ ਮੈਨੂੰ ਦਿੱਸੇ
ਨੀਲੇ ਅਕਾਸ਼ ਦਾ
ਛੋਟਾ ਟੁਕੜਾ ।

ਉੱਚੇ ਰੁੱਖ ਦੀਆਂ
ਕੁਝ ਟਹਿਣੀਆਂ
ਜਿਨ੍ਹਾਂ ਦੇ ਪੱਤੇ
ਹਿਲਦੇ ਜਾਂਦੇ ।

ਬੰਦ ਕਮਰੇ ਦੀ
ਘੁਟਣ 'ਚ ਬੈਠੇ
ਮੈਨੂੰ ਹਵਾ ਦੀ
ਯਾਦ ਦਿਵਾਉਂਦੇ ।

ਉਹ ਪੱਤਿਆਂ ਦਾ
ਹਿਲਣਾ ਜੁਲਣਾ
ਉਹ ਅਕਾਸ਼ ਦਾ
ਨੀਲਾਪਣ,
ਇਸ ਕੈਦੀ ਨੂੰ
ਫਿਰ ਤੋਂ ਇਹ
ਜੀਵਨ ਦੀ ਹਨ
ਆਸ ਬੰਨ੍ਹਾਉਂਦੇ ।

# ਐ ਨਭ ਤੂੰ ਕੀ ਏਂ ?

ਇਕ ਗੁੰਬਦ,
ਇਕ ਨੀਲਾ ਸਾਇਆ ।

ਐ ਨਭ ! ਤੂੰ ਥਕਦਾ ਨਹੀਂ ਕੀ ?
ਲਟਕਿਆਂ ਏਂ ਉਲਟਾ ਤੂੰ,
ਫੈਲਿਆ ਏਂ ਤਣਕੇ ਤੂੰ ।

ਲਗਦਾ ਏ ਛੂਹ ਲਵਾਂਗੀ
ਉਸ ਕਿਨਾਰੇ ਤੇ ਤੈਨੂੰ,
ਪਰ ਤੂੰ ਤਾਂ ਪੰਖੇਰੂ ਬਣ
ਹਰ ਜਗ੍ਹਾ ਹਰ ਛੋਰ ਤੇ
ਫਿਰ ਗੁੰਬਦ ਬਣ ਜਾਂਦਾ ਏਂ ।

ਤੂੰ ਚੰਨ ਦੀ ਠੰਡਕ ਏਂ,
ਤੇ ਸੂਰਜ ਦੀ ਤਪਸ਼ ਵੀ,
ਜੁਗਨੂਆਂ ਦੀ ਭਰੀ ਧਰਤੀ
ਅਕਾਸ਼ 'ਚ ਉੱਡ ਆਈ ।
ਕਹਿੰਦੇ ਨੇ ਤੂੰ ਕੁਝ ਵੀ ਨਹੀਂ
ਪਰ ਤੇਰੇ ਬਿਨਾਂ
ਜਗ ਕੁਝ ਵੀ ਨਹੀਂ ।

ਤੂੰ ਸਹਿਮਿਆ ਹੋਇਆ
ਇੱਕ ਬੱਚਾ ਏਂ,

ਤੇ ਰੋਂਦੀ ਹੋਈ
ਅਬਲਾ ਏਂ ।
ਕੜਕਦੀ ਹੋਈ ਬਿਜਲੀ ਏਂ,
ਜਾਂ ਗਰਜਦੀ ਹੋਈ ਬਦਲੀ ਏਂ ।

ਕਹਿੰਦੇ ਨੇ ....
ਰੂਹ ਚੁਪਕੇ ਜਿਹੇ ਉੱਡ ਜਾਂਦੀ ਏ ਉਪਰ
ਹੌਲੇ ਜਿਹੇ ਛੁਪ ਜਾਂਦੀ ਏ,
ਕਿਤੇ ਤੇਰੀ ਹੀ ਬੁੱਕਲ ਵਿਚ,
ਐ ਨਭ ! ਕੀ ਇਹ ਸੱਚ ਏ ?

ਨਭ ਸਿਰਜਣ ਏ
ਨਭ ਵਿਨਾਸ਼ ਏ
ਨਭ ਸ੍ਰਿਸ਼ਟੀ ਦਾ ਵਿਲਾਸ ਏ ।

ਨਭ ਨਾਦ ਏ
ਨਭ ਬ੍ਰਹਮ ਏ
ਨਭ ਹੀ ਸਗਲ ਬ੍ਰਹਿਮੰਡ ਏ ।

ਨਭ ਨੀਲਾ ਏ
ਨਭ ਪੀਲਾ ਏ
ਨਭ ਇੰਦਰ ਧਨੁਸ਼ ਦਾ ਘੇਰਾ ਏ ।

ਨਭ ਸ਼ਾਂਤ ਏ
ਨਭ ਪ੍ਰਚੰਡ ਏ
ਨਭ ਨੌਂਰਸ ਵਿਚ ਭਿੱਜਿਆ ਰਸ ਏ ।

ਨਭ ਸ਼ਕਤੀ ਏ
ਨਭ ਭਗਤੀ ਏ
ਨਭ ਰਾਜਾ ਏ, ਨਭ ਰੰਕ ਏ ।

ਨਭ ਸੀਮਾ ਏ
ਨਭ ਅਸੀਮ ਏ
ਜਾਂ ਸੀਮਾ ਰਹਿਤ ਇਕ ਘੇਰਾ ਏ ।

ਨਭ ਮਾਨਵ ਏ
ਨਭ ਦਾਨਵ ਏ
ਨਭ ਸੁਰ ਅਸੁਰਾਂ ਦਾ ਮੇਲ ਏ ।

ਨਭ ਰਾਮ ਏ
ਨਭ ਕ੍ਰਿਸ਼ਨ ਏ
ਨਭ ਬ੍ਰਹਮਾ, ਵਿਸ਼ਨੂ, ਮਹੇਸ਼ ਏ ।

ਨਭ ਨਾਨਕ ਏ
ਨਭ ਮੀਰਾ ਏ
ਨਭ ਤੁਲਸੀ, ਸੂਰ, ਕਬੀਰ ਏ ।

ਨਭ ਨਾਦ ਏ
ਨਭ ਸਵਰ ਏ
ਨਭ ਸ਼ੜਜ, ਰਿਸ਼ਭ, ਗੰਧਾਰ ਏ ।

ਨਭ ਮੋਹ ਏ
ਨਭ ਮਾਇਆ ਏ
ਨਭ ਭੁਗਤੀ ਏ, ਨਭ ਮੁਕਤੀ ਏ ।

# ਆਸ਼ਾ ਤੇ ਭਵਿੱਖ

ਆਸ਼ਾ ਦੀ ਡੋਰੀ ਨਾਲ
ਬੱਝਾ ਰਹਿੰਦਾ ਏ ਭਵਿੱਖ ਸਭਨਾ ਦਾ ।
ਜੋ ਹੋਇਆ ਨਹੀਂ
ਹੈ ਨਹੀਂ
ਹੋਵੇਗਾ ਕਦੀਂ
ਇਹ ਸੁਪਨਾ ਹੁੰਦਾ ਏ ਸਭਨਾਂ ਦਾ ।

ਭਵਿੱਖ ਉਹ ਪੌੜੀ ਏ
ਲਗਦਾ ਏ ਸਾਰੇ ਚੜ੍ਹ ਜਾਣਗੇ ।
ਆਸ਼ਾ ਦਾ
ਝੂਟਾ ਝੂਟਦੇ
ਉਹ ਸਭ ਕੁਝ ਪਾ ਜਾਣਗੇ ।

ਆਸਾਂ ਦੀ ਦੁਨੀਆਂ
ਇਕ ਸੁਰਗ ਏ ਸੁਨਹਿਰਾ
ਤੇ ਭਵਿੱਖ ਦੀ ਕਲਪਨਾ
ਇਕ ਸੁਫਨਾ ਏ ਰੁਪਹਿਰਾ ।

ਕਲ੍ਹ ਦਾ ਅੱਜ ਬਣਦੇ ਹੀ
ਆਸ਼ਾ ਦੀ ਡੋਰੀ
ਖਿਸਕ ਜਾਂਦੀ ਏ
ਕੁਝ ਅੱਗੇ ਹੀ ।

ਆਸ਼ਾ ਹੀ ਬੰਨ੍ਹੀ ਰੱਖਦੀ ਏ
ਸ਼ਾਇਦ

ਹਰ ਕਲ੍ਹ ਨਾਲ ਅੱਜ
ਤੇ ਹਰ ਅੱਜ ਨਾਲ ਕਲ੍ਹ ।

ਆਸ਼ਾ ਨਾ ਹੋਵੇ ਤਾਂ
ਕੌਣ
ਭਵਿੱਖ ਦਾ
ਇੰਤਜ਼ਾਰ ਕਰੇ
ਹਰ ਮਨੁੱਖ
ਅੱਜ ਹੀ
ਕਿਉਂ ਨਾ
ਸੌ ਵਾਰ ਮਰੇ ?

ਆਸ਼ਾ ਦੀ ਭਾਲ ਵਿਚ
ਉਹ ਸੌ ਵਾਰ ਜਿਉਂਦਾ ਏ
ਤੇ ਕਲ੍ਹ ਦੀ ਉਡੀਕ ਵਿਚ
ਸੁਫਨੇ ਸਜਾਉਂਦਾ ਏ ।

ਖ਼ੁਦਾ ਨਾ ਕਰੇ
ਕਦੀ ਜੇ ਭਵਿੱਖ ਤੋਂ
ਆਸ਼ਾ ਮੂੰਹ ਮੋੜ ਲਏ,
ਤਾਂ ਆਣ ਵਾਲਾ ਕੱਲ੍ਹ
ਸਦਾ ਲਈ
ਬੇ ਮਾਅਨਾ ਹੋ ਜਾਏਗਾ ।

# ਕਾਲ ਚੱਕਰ

ਪਲ-ਪਲ, ਛਿਨ-ਛਿਨ, ਚਲਦਾ ਜਾਏ,
ਸਮਾਂ ਬੇਰਹਿਮ ਬੇਪਰਵਾਹ ।
ਕਿਸ ਤੇ ਕੀ ਗੁਜ਼ਰਦੀ ਹੈ,
ਇਸ ਤੋਂ ਹੈ ਉਹ ਬੇਪਰਵਾਹ ।

ਜੀਵਨ ਦੀ ਚੱਕੀ ਤਾਂ ਜਿਵੇਂ,
ਰੁਕਣਾ ਹੀ ਨਾ ਜਾਣੇ ਹੋ ।
ਕੌਣ-ਕੌਣ ਪਿਸ ਜਾਂਦਾ ਇਸ ਵਿਚ,
ਇਹ ਉਹ ਨਾ ਪਹਿਚਾਣੇ ਹੋ ।

ਡਿੱਗਦੀਆਂ ਢਹਿੰਦੀਆਂ ਦੀਵਾਰਾਂ ਦੀ,
ਲੰਮੀ ਇਕ ਕਹਾਣੀ ਹੋ ।
ਜੁੜਦੇ ਟੁੱਟਦੇ ਰਿਸ਼ਤਿਆਂ ਦੀ,
ਇਹ ਤਾਂ ਰਾਮ ਕਹਾਣੀ ਹੋ ।

ਬਚਪਨ, ਜਵਾਨੀ ਅਤੇ ਬੁਢਾਪਾ
ਸੁੱਖ-ਦੁੱਖ ਦਾ ਹੈ ਮੇਲ ਹੋ ।
ਰਾਤ-ਦਿਨ, ਚਾਨਣ ਤੇ ਛਾਵਾਂ
ਛੇ ਰੁੱਤਾਂ ਦਾ ਖੇਲ੍ਹ ਹੋ ।

ਮਿੱਟੀ ਦੀ ਇਹ ਕਾਇਆ ਏ ਤੇ
ਮਿੱਟੀ ਦਾ ਜੱਗ ਸਾਰਾ ਹੋ ।
ਮਿੱਟੀ ਨੇ ਮਿੱਟੀ ਵਿਚ ਮਿਲਣਾ
ਇਹੀ ਤਾਂ ਅੰਤ ਅਸਾਡਾ ਹੋ ।

ਕੀ ਜਾਣਾ ਕਿਸ ਹੋੜ 'ਚ ਰਹਿੰਦਾ
ਮਾਣਸ-ਮਨ ਨਾਦਾਨ ਹੋ ।
ਭਵਿੱਖ ਵਿਚ ਕੀ ਕੀ ਹੈ ਲਿਖਿਆ
ਇਸ ਤੋਂ ਉਹ ਅਣਜਾਣ ਹੋ ।

ਸਮੇਂ ਦੀ ਪੁਕਾਰ ਨੂੰ
ਕੋਈ ਕੋਈ ਪਹਿਚਾਣੇ ਹੋ ।
ਜੀਵਨ ਦੀ ਲਲਕਾਰ ਨੂੰ
ਕੋਈ ਵਿਰਲਾ ਹੀ ਜਾਣੇ ਹੋ ।

ਸਮੇਂ ਤੋਂ ਪਿੱਛੇ ਰਹਿਣ ਵਾਲੇ
ਇਸ ਨੂੰ ਫੜ ਨਾ ਪਾਂਦੇ ਹੋ ।
ਤੇ ਇਸ ਤੋਂ ਅੱਗੇ ਦੌੜਨ ਵਾਲੇ
ਹਰ ਕਦਮ ਤੇ ਠੋਕਰ ਖਾਂਦੇ ਹੋ ।

ਸਮੇਂ ਦਾ ਹੀ ਗੇੜ ਹੈ ਸਾਰਾ
ਜੀਉਣ-ਮਰਨ ਦਾ ਤੱਥ ਹੋ ।
ਇਸ ਦੇ ਨਾਲ ਹੀ ਚੱਲਣ ਵਿਚ ਏ
ਜੀਵਨ ਦਾ ਪਰਮਾਰਥ ਹੋ ।

# ਸਪਰਸ਼

ਸਪਰਸ਼ ....
ਮਾਤਰ ਸਪਰਸ਼
ਖਿਣ ਮਾਤਰ ਸਪਰਸ਼
ਪਰ ਛਿਣ ਭੰਗੁਰ ਨਹੀਂ ।

ਸਪਰਸ਼ ....
ਇਕ ਅਹਿਸਾਸ
ਇਕ ਰੋਮਾਂਚ
ਇਕ ਚੇਤਨਾ,

ਸਪਰਸ਼ ....
ਇਕ ਪੀੜ
ਇਕ ਤੜਪ
ਇਕ ਆਹ,

ਸਪਰਸ਼ ....
ਇਕ ਚੰਗਿਆੜੀ
ਇਕ ਨਫ਼ਰਤ
ਇਕ ਅਗਨ,

ਸਪਰਸ਼ ....
ਇਕ ਮਲ੍ਹਮ
ਇਕ ਹੌਂਸਲਾ
ਇਕ ਤਸੱਲੀ

ਸਪਰਸ਼ ....
ਇਕ ਕੋਮਲਤਾ
ਇਕ ਮੋਹ
ਇਕ ਮਮਤਾ,

ਸਪਰਸ਼ ....
ਇਕ ਤ੍ਰਿਸ਼ਨਾ
ਇਕ ਪਿਆਸ
ਇਕ ਚਾਹ,

ਸਪਰਸ਼ ....
ਨਵਜੀਵਨ
ਨਵਆਧਾਰ
ਨਵਚੇਤਨਾ,
ਸਪਰਸ਼ ...
ਇਕ ਤ੍ਰਿਸ਼ਨਾ
ਇਕ ਪੱਲੂ
ਇਕ ਚਿੰਤਨ,

ਸਪਰਸ਼ ....
ਇਕ ਮਸਤੀ
ਇਕ ਅਨੰਦ
ਇਕ ਆਤਮਅਨੰਦ,

ਸਪਰਸ਼ ....
ਮਾਤਰ ਸਪਰਸ਼
ਖਿਣ ਮਾਤਰ ਸਪਰਸ਼
ਪਰ ਛਿਣ ਭੰਗੁਰ ਨਹੀਂ ।

## ਕੁਝ ਸਵਾਲ

ਉੱਗਦੇ ਸੂਰਜ ਤੋਂ,
ਚੜ੍ਹਦੀ ਜਵਾਨੀ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਕੀ ਉਹ ਢਲ ਨਾ ਜਾਣਗੇ ?
ਫਿਰ ਮਾਣ ਕੇਹਾ .... ?

ਰਾਤ ਦੇ ਹਨੇਰੇ ਤੋਂ
ਘਿਰਦੇ ਹੋਏ ਬਦਲਾਂ ਤੋਂ,
ਵਧਦੇ ਜੋਏ ਗ਼ਮਾਂ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਕੀ ਉਹ ਛਣ ਨਾ ਜਾਣਗੇ ?
ਫਿਰ ਉਦਾਸੀ ਕੇਹੀ .... ?

ਪਰਬਤ ਦੇ ਝਰਨਿਆਂ ਤੋਂ,
ਟਕਰਾਂਦੀਆਂ ਨਦੀਆਂ ਤੋਂ,
ਵਹਿੰਦੇ ਹੋਏ ਪਾਣੀ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਕੀ ਉਹ ਠੱਲ੍ਹ ਨਾ ਜਾਣਗੇ ?
ਫਿਰ ਸ਼ੋਰ ਕੇਹਾ .... ?

ਅੱਖਾਂ ਦੀ ਨਮੀ ਤੋਂ,
ਹੰਝੂਆਂ ਦੀ ਧਾਰਾ ਤੋਂ,
ਸਿਸਕੀਆਂ ਦੀ ਆਹਟ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਜੀਵਨ ਦੀਆਂ ਖ਼ੁਸ਼ੀਆਂ ਤੋਂ,

ਮੂੰਹ ਮੋੜਨਾ ਕੇਹਾ .... ?

ਦੱਬੀ ਹੋਈ ਭਾਵਨਾ ਤੋਂ,
ਬੁਝੀਆਂ ਅੱਖਾਂ ਤੋਂ,
ਭੁੱਖ ਦੀ ਤੜਪ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਕੀ ਇਹ ਦਿਨ ਫਿਰ ਨਾ ਜਾਣਗੇ ?
ਫਿਰ ਨਿਰਾਸ਼ਾ ਕੇਹੀ .... ?

ਮਿੱਟੀ ਦੀ ਕਾਇਆ ਤੋਂ,
ਮਿੱਟੀ ਦੇ ਮਹਿਲਾਂ ਤੋਂ,
ਮਿੱਟੀ ਦੇ ਰੰਗਾਂ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਕੀ ਇਹ ਮਿੱਟੀ ਹੀ ਬਣ ਜਾਣਗੇ ?
ਫਿਰ ਹਉਮੈ ਕੇਹੀ .... ?

ਅੱਖਾਂ ਦੀ ਜੁਆਲਾ ਤੋਂ,
ਤਿੱਖੇ ਕੌੜੇ ਬੋਲਾਂ ਤੋਂ,
ਬੋਲੀਆਂ ਤੇ ਤਾਨ੍ਹਿਆਂ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਜੀਵਨ ਦੀ ਮਿੱਠਤ ਨੂੰ,
ਕੁੜੱਤਣ ਵਿਚ ਬਦਲਣਾ ਕੇਹਾ ...... ?

ਤੋਪਾਂ ਦੀ ਗਰਜਣ ਤੋਂ,
ਗੋਲੀਆਂ ਦੀ ਬਾਛੜ ਤੋਂ,
ਬੰਬਾਂ ਦੇ ਧਮਾਕਿਆਂ ਤੋਂ,
ਕੋਈ ਇਹ ਤਾਂ ਪੁੱਛੇ,
ਕਿ ਜਦ ਜੀਵਨ ਦੇ ਨਹੀਂ ਸਕਦੇ,
ਤਾਂ ਉਸਨੂੰ ਖੋਹਣਾ ਕੇਹਾ ...... ?

# ਨੀਂਹ ਪੱਥਰ

ਖੰਡ ਖੰਡ ਵਿਚ ਖੰਡਿਤ
ਇਹ ਖੰਡਰਾਤ
ਜੀਵਨ ਦਾ ਗੀਤ ਸੁਣਾਉਂਦੇ ਨੇ
ਤੇ ਮੌਤ ਨੂੰ ਗਲੇ ਲਗਾਉਂਦੇ ਨੇ ।

ਕਲਸ਼ ਕਿੰਗਰੇ ਚੂਰ ਹੋਏ
ਪਹਿਲੋਂ ਹੀ ਨਜ਼ਰੋਂ ਦੂਰ ਹੋਏ
ਰਹਿ ਗਈਆਂ ਕੁਝ ਇੱਟਾਂ ਬਾਕੀ ਨੇ ।
ਬਿਖਰੀਆਂ ਯਾਦਾਂ ਬਸ ਸਾਥੀ ਨੇ ।

ਚਹਿਲ-ਪਹਿਲ ਉਹ
ਚਮਕ ਦਮਕ,
ਉਹ ਰੌਸ਼ਨ ਚਿਰਾਗ਼
ਸਭ ਗੁੱਲ ਹੋਏ ।
ਉਹ ਰੀਤ ਰਿਵਾਜ਼
ਉਹ ਤਰੰਗ ਸਾਜ਼
ਉਹ ਮਹਿਲ ਦੁਮਹਿਲੇ
ਭੰਗ ਹੋਏ ।

ਯਾਦਾਂ ਵਿਚ ਆਹਟ ਆਉਂਦੀ ਏ
ਹਾਸੀ ਕਿਤੇ ਖਿੜਖਿੜਾਉਂਦੀ ਏ
ਝਾਂਜਰ ਦੀ ਝਣਕਾਰ ਕਦੀ
ਕਦੀ ਗੀਤ ਖ਼ੁਸ਼ੀ ਦੇ ਗਾਉਂਦੀ ਏ ।

ਇਸ ਜੀਵਨ ਵਿਚ ਸਭ ਆ ਕੇ ਤੇ
ਇਸ ਤਰ੍ਹਾਂ ਉਜੜ ਕਿਉਂ ਜਾਂਦਾ ਏ ?
ਅੰਬਰ ਜਿਹਾ ਉੱਚਾ ਮਹਿਲ ਕਦੀ
ਖੰਡਰਾਂ ਵਿਚ ਬਦਲ ਕਿਉਂ ਜਾਂਦਾ ਏ ?

ਸੱਚ ਲੁਕਿਆ ਸੀ ਉਹਨਾਂ ਮਹਿਲਾਂ ਵਿਚ
ਜਾਂ ਖੰਡਰਾਂ ਵਿਚ ਲੁਕ ਬੈਠਾ ਸੀ ?
ਉਹ ਛਿਪਿਆ ਕਿਤੇ ਅਸਮਾਨੀਂ ਸੀ
ਜਾਂ ਨੀਂਹ ਦੀ ਇੱਟ ਬਣ ਬੈਠਾ ਸੀ ?

ਸੱਚ ਹੁੰਦਾ ਜੇ ਕਲਸ਼ ਵਿਚ ਤਾਂ
ਉਹ ਸਦਾ ਅਟੱਲ ਅਮਰ ਹੁੰਦਾ
ਹਉਮੈ ਨਾਲ ਗਰਦਨ ਉੱਚੀ ਕਰ
ਇਸ ਤਰ੍ਹਾਂ ਨਾ ਸਭ ਨੂੰ ਤਰਸਾਂਦਾ ।

ਸੱਚ ਹੈ ਤਾਂ ਨੀਂਹ ਪੱਥਰ ਵਿਚ ਹੈ
ਜੋ ਧਰਤੀ ਦੀ ਕੁੱਖ ਵਿਚ ਛੁਪ ਕੇ ਬੈਠਾ,
ਬੇਜੋੜ ਇਮਾਰਤ ਮੋਢੇ ਤੇ
ਖ਼ਾਮੋਸ਼ ਜਿਹਾ ਚੁੱਕ ਕੇ ਬੈਠਾ ।

# ਬੰਧਨ ਤੇ ਮੁਕਤੀ

ਹਰ ਬੰਧਨ ਤੋਂ ਮੁਕਤੀ ਪਾਉਣ ਲਈ
ਜੀ ਫੜਫੜਾਂਦਾ ਏ,
ਆਤਮਾ ਛਟਪਟਾਂਦੀ ਏ,
ਤੇ ਮੁਕਤੀ ਪਾ ਜਾਣ ਤੇ
ਮਨ ਫਿਰ ਅਸ਼ਾਤ ਹੋ ਜਾਂਦਾ ਏ ।
ਤੇ ਅਣਜਾਣੇ ਹੀ ਹਰ ਮੁਕਤੀ
ਕਿਸੇ ਨਵੇਂ ਬੰਧਨ 'ਚ ਬੱਝ ਜਾਂਦੀ ਏ ।

ਇਹ ਦੁਨੀਆਂ ਖ਼ੁਦ ਵੀ ਤਾਂ ਇਕ ਬੰਧਨ ਏ,
ਇਹ ਕੁਦਰਤ ਵੀ ਇਕ ਬੰਧਨ ਹੀ ਤਾਂ ਏ,
ਇਹ ਦਿਨ ਦਾ ਨਿਕਲਣਾ, ਇਹ ਰਾਤਾਂ ਦਾ ਆਉਣਾ,
ਇਹ ਰਾਤਾਂ ਦਾ ਦਿਨ ਦੇ ਉਜਾਲੇ 'ਚ ਢਲਣਾ,
ਇਹ ਨਿਤ ਨਵੀਆਂ ਰੁੱਤਾਂ ਦਾ ਆਨਾ ਤੇ ਜਾਣਾ
ਇਹ ਸੂਰਜ, ਇਹ ਧਰਤੀ, ਇਹ ਚੰਨ, ਇਹ ਤਾਰੇ
ਘੁੰਮਦੇ ਹੀ ਰਹਿੰਦੇ ਨੇ ਇਕ ਬੰਧਨ 'ਚ ਸਾਰੇ ।

ਮਨੁੱਖ ਦਾ ਜੀਵਨ ਵੀ
ਇਕ ਡੋਰ 'ਚ ਬੱਝਾ ਏ,
ਜੀਉਣ ਤੇ ਮਰਣ ਦਾ
ਇਕ ਸਿਲਸਿਲਾ ਰਿਹਾ ਏ ।

ਮਾਂ ਦੇ ਗਰਭ 'ਚੋਂ
ਸਰੀਰ ਦੇ ਪਿੰਜਰੇ ਵਿਚ
ਇਹ ਬੱਝ ਜਾਂਦਾ ਏ,

ਫਿਰ ਜੀਵਨ ਦੀ ਡੋਰ ਵਿਚ
ਉਹ ਬੱਝਦਾ ਹੀ ਚਲਾ ਜਾਂਦਾ ਏ ।
ਕਦੀ ਮਾਂ ਦੀ ਬੁੱਕਲ
ਕਦੀ ਦੁੱਧ ਦੀਆਂ ਧਾਰਾਂ,
ਕਦੀ ਪੰਘੂੜੇ ਦੇ ਝੂਟੇ
ਕਦੀ ਲੋਰੀ ਦੀ ਗੁਣਗੁਣ,

ਕਦੀ ਪੜ੍ਹਨਾ, ਕਦੀ ਲਿੱਖਣਾ,
ਕਦੀ ਰੋਣਾ, ਕਦੀ ਹੱਸਣਾ,
ਕਦੀ ਸ਼ਹਿਨਾਈ ਦੀਆਂ ਗੂੰਜਾਂ,
ਕਦੀ ਮੋਹ, ਕਦੀ ਮਾਇਆ,
ਬਸ ਇਨ੍ਹਾਂ ਕੌੜੇ ਮਿੱਠੇ ਬੰਧਨਾਂ ;ਚ
ਬੱਝੀ ਰਹਿੰਦੀ ਹੈ ਇਹ ਕਾਇਆ ।

ਇਹਨਾਂ ਬੰਧਨਾਂ ਤੋਂ ਛੁੱਟਣ ਲਈ
ਇਨਸਾਨ ਜੰਗਲਾਂ ਨੂੰ ਜਾਂਦਾ ਏ ।
ਹਰ ਮਨੁੱਖ ਜੀਵਨ ਭਰ
ਜੀਵਨ ਤੋਂ ਮੁਕਤੀ ਚਾਹੁੰਦਾ ਏ ।

ਅਚੰਭਾ ਤੇ ਇਹ ਹੈ,
ਕਿ ਉਹ ਜੀਣਾ ਵੀ ਚਾਹੁੰਦੈ
ਤੇ ਮੁਕਤੀ ਵੀ ਚਾਹੁੰਦੈ ।

ਮਰਨਾ ਵੀ ਨਹੀਂ ਚਾਹੁੰਦਾ
ਤੇ ਬੰਧਨ ਵੀ ਨਹੀਂ ਚਾਹੁੰਦਾ,
ਸ਼ਾਇਦ ਖ਼ੁਦ ਵੀ ਨਹੀਂ ਜਾਣਦਾ
ਕਿ ਉਹ ਕੀ ਚਾਹੁੰਦੈ ?

ਸੰਤਾਂ - ਪੈਗੰਬਰਾਂ ਵਿਦਵਾਨਾਂ ਨੇ
ਇਹਨਾਂ ਬੰਧਨਾਂ ਤੋਂ ਛੁਟਣ ਨੂੰ
ਮੋਖ, ਮੁਕਤੀ, ਨਿਰਵਾਣ ਕਿਹਾ ।
ਤਦੇ ਦਿਮ ਦਿਮਾਗ਼ ਦੀ ਦੁਨੀਆਂ ਵਿਚ
ਕੁਝ ਸਵਾਲ ਉਭਰਦੇ ਨੇ -

ਜੇ ਜੀਵਨ ਇਕ ਬੰਧਨ ਏ
ਤਾਂ ਮੋਖ ਕੀ ਏ ?
ਕੀ ਇਹ ਇਸ ਜਹਾਨ 'ਚੋਂ ਨਿਕਲ
ਉਸ ਜਹਾਨ 'ਚ ਜਾਣਾ ਹੀ ਤਾਂ ਨਹੀਂ,
ਇਨਸਾਨਾਂ ਦੀ ਬਸਤੀ 'ਚੋਂ ਨਿਕਲ
ਦੇਵਤਿਆਂ 'ਚ ਘਿਰ ਜਾਣਾ ਹੀ ਤਾਂ ਨਹੀਂ,
ਇਕ ਬੰਧਨ 'ਚੋਂ ਨਿਕਲ
ਦੂਜੇ 'ਚ ਬੱਝ ਜਾਣਾ ਹੀ ਤਾਂ ਨਹੀਂ ?

ਕਿਤੇ ਉਪਰ ਵਾਲਾ ਵੀ
ਬੰਧਨਾਂ 'ਚ ਹੀ ਤਾਂ ਘਿਰਿਆ ਨਹੀਂ ਬੈਠਾ ?
ਸਾਡੇ ਸਵਾਲਾਂ ਤੋਂ ਪਰੇਸ਼ਾਨ ਜਿਹਾ,
ਸਾਡੀਆਂ ਮੰਗਾਂ ਤੋਂ ਹੈਰਾਨ ਜਿਹਾ,
ਆਪਣੀ ਹੀ ਬਣਾਈ ਇਸ ਸ੍ਰਿਸ਼ਟੀ ਦੇ
ਬੰਧਨਾਂ ਤੋਂ ਮੁਕਤੀ ਪਾਣ ਦੀ
ਖੋਜ ਵਿਚ ਲੱਗਾ ਤਾਂ ਨਹੀਂ ਬੈਠਾ ?
ਤਾਂ ਸਾਡੀ ਮੁਕਤੀ ਕਿਤੇ
ਖ਼ੁਦਾ ਦਾ ਬੰਧਨ ਤਾਂ ਨਹੀਂ ਬਣ ਜਾਏਗੀ ?

ਤਾਂ ਜਵਾਬ ਵਿਚ ਬਸ ਕੁਝ
ਧੁੰਧਲੇ ਜਿਹੇ ਖ਼ਿਆਲ ਉਭਰਦੇ ਨੇ ....
ਸ਼ਾਇਦ ਜਿਸਨੂੰ ਅਸੀਂ ਮੁਕਤੀ ਕਹਿੰਦੇ ਹਾਂ
ਉਹੀ ਸਭ ਤੋਂ ਵੱਡਾ ਬੰਧਨ ਏ,
ਹਿਸਦਾ ਵਿਚਾਰ ਸਾਨੂੰ

ਸਾਰੀ ਉਮਰ ਬੰਨ੍ਹੀ ਰਖਦਾ ਏ,
ਕਦੀ ਵੀ ਤਾਂ ਆਪਣੇ ਤੋਂ ਜੁਦਾ ਹੋਣ ਨਹੀਂ ਦਿੰਦਾ
ਅਜ਼ਾਦੀ ਦੀ ਇਕ ਵੀ ਸਾਹ ਤਾਂ ਲੈਣ ਨਹੀਂ ਦਿੰਦਾ ।

ਜੇ ਮੁਕਤੀ ਇਹੀ ਹੈ
ਤਾਂ ਫਿਰ ਕਿਉਂ ਨਾ ਅਸੀਂ
ਆਪਣੇ ਚੌਗਿਰਦੇ ਨਾਲ ਦੋਸਤੀ ਕਰੀਏ
ਆਪਣੇ ਦੁਖਾਂ ਤੋਂ ਨਾ ਭੱਜ
ਉਨ੍ਹਾਂ ਦਾ ਸਾਹਮਣਾ ਕਰੀਏ
ਦੂਜਿਆਂ ਦਾ ਦਰਦ ਵੰਡਾ
ਉਨ੍ਹਾਂ ਨੂੰ ਸੁਖ ਨਾਲ ਭਰੀਏ
ਮਨ ਦੀਆਂ ਜ਼ਜੀਰਾਂ ਨੂੰ
ਆਪਣੇ ਜੱਥੀਂ ਕੱਟ ਦੇਈਏ ।

ਫਿਰ ਕਦੀ ਅਸੀਂ ਜੰਗਲਾਂ ਵਿਚ ਨਾ ਜਾਵਾਂਗੇ
ਮਰ ਕੇ ਵੀ ਨਿਰਵਾਣ ਅਸੀਂ ਨਾ ਚਾਹਾਂਗੇ
ਇਥੇ ਹੀ ਮਿਲ ਜਾਏਗਾ ਸਾਨੂੰ ਹਰ ਸੁਖ
ਇਸੇ ਬੰਧਨ 'ਚੋਂ ਮੁਕਤੀ ਲੱਭ ਲਿਆਵਾਂਗੇ ।

# ਕੈਕਟਸ ਤੇ ਖ਼ੁਦਾ

ਬਣਾਇਆ ਸੀ ਜਦ ਮੈਨੂੰ ਖ਼ੁਦਾ ਨੇ,
ਜਿਸਮ ਕੰਡਿਆਂ ਨਾਲ ਭਰ ਦਿੱਤਾ ਮੇਰਾ ।
ਪਲਿਆ ਪੋਸਿਆ ਤੇ ਵੱਡਾ ਹੋਇਆ
ਕੰਡਿਆਂ ਦੀ ਹੀ ਛਾਂਵੇਂ ਮੈਂ ।
ਬਚਪਨ, ਜੁਆਨੀ ਅਤੇ ਬੁਢਾਪਾ
ਕਟ ਗਿਆ ਏ ਅਨੰਤ ਚੁਭਨ ਵਿਚ ।

ਪਰ ਇਕ ਦਿਨ ਜਦ ਮੈਂ ਰੋ ਰਿਹਾ ਸਾਂ,
ਆਪਣੇ ਬਿਰਹਾ ਵਿਚ ਗੁਆਚ ਗਿਆ ਸਾਂ,
ਖ਼ੁਦਾ ਨੇ ਮੇਰੇ ਕੋਲ ਆ ਕੇ
ਆਪਣੇ ਕੋਮਲ ਹੱਥਾਂ ਵਿਚ  ਲੈ ਕੇ
ਮੈਨੂੰ ਪਲੋਸਿਆ ਤੇ ਮਿਠੇ ਸੁਰ ਵਿਚ ਕਿਹਾ

"ਨਾ ਰੋ, ਐ ਮੇਰੇ ਬੱਚੇ ।
ਅੱਜ ਦੱਸਦਾ ਹਾਂ ਤੈਨੂੰ ਮੈਂ,
ਕਿਉਂ ਭਰਿਆ ਸੀ ਜਿਸਮ ਤੇਰਾ
ਕੰਡਿਆਂ ਦੇ ਨਾਲ,
ਉਗਾਇਆ ਸੀ ਕਿਉਂ ਤੈਨੂੰ
ਜੰਗਲਾਂ 'ਚ ਮੈਂ ?
ਵੱਖ ਰੱਖਿਆ ਸੀ ਕਿਉਂ
ਦੁਨੀਆਂ ਵਾਲਿਆਂ ਤੋਂ ਤੈਨੂੰ ?

"ਤੈਨੂੰ ਬਣਾਇਆ ਸੀ ਮੈਂ
ਆਪਣੇ ਹੀ ਪ੍ਰਤਿਰੂਪ ਵਿਚ ।

ਦੇਖ ਮੈਂ ਵੀ ਤੇਰੀ ਤਰ੍ਹਾਂ ਹੀ
ਕੰਡਿਆਂ ਨਾਲ ਘਿਰਿਆ ਹਾਂ,
ਤੇ ਇੰਨੇ ਵੱਡੇ ਜਹਾਨ ਨੂੰ
ਮੈਂ ਪਾਲ ਰਿਹਾ ਹਾਂ ।

"ਤੇਰੇ ਵਿਚ ਕੀਤਾ ਹੈ ਮੈਂ
ਇਕ ਵਿਸ਼ੇਸ਼ ਰਸ ਦਾ ਸੰਚਾਰ,
ਬਾਕੀ ਪੌਦੇ ਤਾਂ ਮਿਟ ਜਾਂਦੇ ਨੇ
ਸੁਖ ਵਿਚ ਪਲ ਕੇ ਵੀ,
ਤੂੰ ਜ਼ਿੰਦਾ ਰਹਿੰਦਾ ਏਂ
ਪੱਥਰਾਂ ਵਿਚ, ਰੇਤ ਵਿਚ, ਕੰਦਰਾਵਾਂ ਵਿਚ ਵੀ ।
ਤੈਨੂੰ ਮੈਂ ਖ਼ੁਦ ਸਿੰਜਦਾ ਹਾਂ,
ਪਾਲਦਾ ਹਾਂ, ਪੋਸਦਾ ਹਾਂ,
ਤੇਰੀ ਰੱਖਿਆ ਨੂੰ ਲਗਾਏ
ਇਹ ਕੰਡੇ ਵੀ ।

ਜਾਣਦਾ ਏਂ ਕਿ ......
ਇੱਕ ਫੁੱਲ ਨਹੀਂ, ਇਕ ਕੰਡਾ ਹੀ
ਕਿਸੇ ਦਾ ਪੱਲਾ ਫੜ ਸਕਦਾ ਏ,
ਤੇ ਜ਼ਮਾਨੇ ਦੇ ਬੇਰਹਿਮ ਹੱਥਾਂ 'ਚੋਂ
ਖ਼ੁਦ ਨੂੰ ਬਚਾ ਸਕਦਾ ਏ ।
ਮੇਰੇ ਬਣਾਏ ਫੁੱਲਾਂ ਨੇ
ਮੈਨੂੰ ਮਸਤ ਤਾਂ ਕਰ ਦਿੱਤਾ
ਪਰ ਤੂੰ ਜੋ ਫੜਿਆ ਪੱਲਾ
ਮੈਨੂੰ ਆਪਣਾ ਬਣਾ ਲਿਆ ।

ਗੁਲਾਬ ਦੀ ਖ਼ੁਸ਼ਬੂ ਲੈਣ ਲਈ
ਮਨੁੱਖ ਉਸਨੂੰ ਤੋੜ ਲੈਂਦਾ ਏ,
ਮਸਲ ਦਿੰਦਾ ਏ ।
ਸੁੱਟ ਦਿੰਦਾ ਏ ।

ਤੇਰੇ ਕੰਡਿਆਂ ਨੂੰ ਵੇਖ
ਮਨੁੱਖ ਹੈਰਾਨ ਹੁੰਦਾ ਏ,
ਦਿਲ ਹੀ ਦਿਲ ਵਿਚ ਉਹ
ਖ਼ੁਦ ਪਰੇਸ਼ਾਨ ਹੁੰਦਾ ਏ ।
ਤੇਰੇ ਫੁੱਲਾਂ ਨੂੰ ਉਹ ਤੋੜਦਾ ਨਹੀਂ,
ਮਸਲਦਾ ਨਹੀਂ, ਸੁਟਦਾ ਨਹੀਂ ।

ਉਹਨਾਂ ਦੇ ਰੰਗਾਂ ਨੂੰ ਤੱਕ
ਉਹ ਹੈਰਤ 'ਚ ਪੈਂਦਾ ਏ,
ਕੰਡਿਆਂ 'ਚ ਵੀ ਉਹਨੂੰ
ਸੁੰਦਰਤਾ ਦਾ ਬੋਧ ਹੁੰਦਾ ਏ ।

ਇਨਸਾਨ ਦੇ ਬਣਾਏ ਮੰਦਰਾਂ 'ਚ
ਤੂੰ ਨਾ ਗਿਆ ਤਾਂ ਕੀ,
ਮੂਰਤਾਂ ਦੇ ਪੈਰਾਂ ਤੇ
ਤੂੰ ਨਾ ਚੜ੍ਹਿਆ ਤਾਂ ਕੀ ?
ਤੂੰ ਤਾਂ ਮੇਰੇ ਮੰਦਰ ਵਿਚ ਰਹਿੰਦਾ ਏਂ,
ਮੇਰੇ ਚਰਨਾਂ ਦਾ ਰਸ ਪੀਂਦਾ ਏਂ ।
ਪ੍ਰੇਮੀਆਂ ਦੀ ਸੇਜ ਤੇ ਜਾ ਕੇ
ਫੁੱਲ ਮੁਰਝਾ ਜਾਂਦੇ ਨੇ,
ਦੁਲਹਨ ਦੇ ਵਾਲਾਂ 'ਚ ਲੱਗ ਕੇ ਵੀ
ਟੁੱਟ ਜਾਂਦੇ ਨੇ, ਬਿਖਰ ਜਾਂਦੇ ਨੇ ।
ਤੂੰ ਤਾਂ ਮੇਰੀ ਹੀ ਗੋਦ ਵਿਚ ਬੈਠ
ਖੇਡਦਾ ਏਂ, ਸਜਦਾ ਏਂ ।

ਤੇਰੇ ਅੰਦਰ ਤਾਂ ਦੁੱਧ ਦੀ ਧਾਰਾ ਵਹਿੰਦੀ ਏ,
ਹੋਰਾਂ ਨੂੰ ਤੋੜਨ ਤੇ ਪਾਣੀ,
ਤੇਰੀਆਂ ਟਹਿਣੀਆਂ 'ਚੋਂ ਦੁੱਧ ਟਪਕਦਾ ਏ,
ਜੋਗੀ ਜਿਥੇ ਜਾਂਦੇ ਨੇ ਤਪੱਸਿਆ ਲਈ
ਤੇਰੀ ਤਾਂ ਉਹ ਜਨਮ ਭੂਮੀ ਏ,

ਜਿਸ ਨੂੰ ਪਾਣ ਲਈ ਉਹ ਛਟਪਟਾਉਂਦੇ ਨੇ
ਤੂੰ ਤਾਂ ਉਸੇ ਦੇ ਕੋਲ ਰਹਿੰਦਾ ਏਂ,
ਦੁਨੀਆਂ 'ਚ ਰਹਿ ਕੇ ਵੀ
ਦੁਨੀਆਂ ਤੋਂ ਦੂਰ ਰਹਿੰਦਾ ਏਂ ।

ਪਰ ਇਹ ਕੀ ......
ਅੱਜ ਤੈਨੂੰ ਜੰਗਲਾਂ ਤੋਂ ਚੁਕ
ਮਨੁੱਖ ਸ਼ਹਿਰਾਂ 'ਚ ਖਿੱਚ ਲਿਆਇਆ ਏ,
ਆਪਣੀ ਹਉਮੈ ਦੀ ਪੂਰਤੀ ਲਈ
ਉਸ ਤੈਨੂੰ ਬਾਗਾਂ ਵਿਚ ਸਜਾਇਆ ਏ,
ਮਹਿਲਾਂ ਦੇ ਬੰਦ ਕਮਰਿਆਂ ਵਿਚ
ਤੈਨੂੰ ਬੰਦ ਕਰ ਲਿਆ ਉਸਨੇ ।
ਵੇਖ, ਜ਼ਰਾ ਸੰਭਲ
ਕਿਤੇ ਤੂੰ ਗੁੰਮ ਨਾ ਜਾਏਂ,
ਇਨ੍ਹਾਂ ਰੰਗ ਰਲੀਆਂ ਵਿਚ
ਮੇਰੇ ਬਗ਼ੀਚੇ 'ਚੋਂ ਨਿਕਲ
ਕਿਤੇ ਤੂੰ ਘੁਟ ਨਾ ਜਾਵੇਂ ਦੀਵਾਰਾਂ ਵਿਚ ।

ਤੂੰ ਤਾਂ ਜੋਗੀ ਏਂ,
ਪਹਾੜਾਂ ਤੇ ਹੀ ਸਜਦਾ ਏਂ,
ਸੂਰਜ ਦੀ ਰੌਸ਼ਨੀ ਵਿਚ ਹੀ
ਤੂੰ ਮਹਿਕਦਾ ਏਂ ।

ਰੇਗਿਸਤਾਨ ਦੀ ਲੂਹ ਸਹਿ ਕੇ ਵੀ
ਤੂੰ ਸੀ ਨਹੀਂ ਕਰਦਾ,
ਪੈਰਾਂ ਤੇ ਛਾਲੇ ਪੈਣ ਤੇ ਵੀ
ਤੂੰ ਉਫ਼ ਨਹੀਂ ਕਰਦਾ ।
ਹਨ੍ਹੇਰੀ ਵੀ ਤੈਨੂੰ
ਝੁਕਾ ਨਹੀਂ ਸਕਦੀ ।
ਦੁਨੀਆਂ ਵੀ ਤੈਨੂੰ
ਮਿਟਾ ਨਹੀਂ ਸਕਦੀ ।

ਤੇਰੀ ਤੇ ਮੇਰੀ
ਇਕ ਹੀ ਕਹਾਣੀ ਏ ।
ਬਸ ਫ਼ਰਕ ਇੰਨਾ ਏ,
ਮੈਂ ਤੈਨੂੰ ਗੋਦੀ 'ਚ ਖਿਡਾਉਂਦਾ ਹਾਂ,
ਤੇ ਤੂੰ ਮੈਨੂੰ ਹੌਂਸਲਾ ਦਿਵਾਉਂਦਾ ਏਂ ।"

# ਹੀਰਾ

ਜਦ ਕੋਲਾ ਹੀਰਾ ਬਣ ਜਾਵੇ,
ਉਂਗਲੀ ਤੇ ਕਿਸੇ ਦੀ ਸਜ ਜਾਵੇ,
ਛੂੰਹਦੇ ਈ ਅਹੰ ਦੀ ਕਾਲਖ
ਹੀਰਾ ਫ਼ਿਰ ਕੋਲਾ ਬਣ ਜਾਏ ।

ਤੇ ..... ਜਦ ਅਹੰ ਦਾ ਕੋਲਾ ਹੱਟ ਜਾਵੇ
ਬੀਜ ਪੀੜ ਦਾ ਉਗ ਆਵੇ
ਅੰਦਰ ਦਾ ਮਾਣਸ ਜਗ ਜਾਵੇ
ਤਦ ਮਾਣਸ ਹੀਰਾ ਬਣ ਜਾਵੇ ।

# ਮਾਨਵ ਤੇ ਪਸ਼ੂ

ਮਾਨਵ ਤੇ ਪਸ਼ੂ ਦੇ ਵਿਚ
ਹਲਕੀ ਜਿਹੀ ਰੇਖਾ ਹੈ ਸ਼ਾਇਦ
ਦੋ ਪੈਰਾਂ ਦਾ ਇਹ ਪਸ਼ੂ ਏ
ਚਾਰ ਪੈਰਾਂ ਦਾ ਉਹ ਮਾਨਵ ਏ ।

ਰੇਖਾ ਉਲੰਘਦੇ ਹੀ ਮਾਨਵ
ਖੂੰਖਾਰ ਜਾਨਵਰ ਬਣ ਜਾਂਦਾ ਏ,
ਤੇ ਪਸ਼ੂ ਜੇ ਸੀਮਾ ਪਾਰ ਕਰੇ ਤਾਂ
ਕਰੁਣਾ ਦਾ ਸਾਗਰ ਬਣ ਜਾਂਦਾ ਏ ।

# ਹੰਝੂ ਅਸਮਾਨ ਦੇ

ਤਰੇਲ ਦੇ ਤੁਪਕੇ
ਕਿੰਨੇ ਸੋਹਣੇ,
ਐਪਰ ਕਿੰਨੇ ਛਿਣ ਭੰਗੁਰ,
ਆਉਂਦੇ ਨੇ ਚੁਪ ਕੀਤੇ ਜਿਹੇ
ਰਾਤ ਦੇ ਹਨ੍ਹੇਰੇ ਵਿਚ,
ਛਾ ਜਾਂਦੇ ਨੇ ਹਰ ਪਾਸੇ
ਚੁੰਮ ਲੈਂਦੇ ਨੇ ਹੌਲੇ ਜਿਹੇ
ਫੁੱਲਾਂ ਦੇ ਉਹ ਬਦਨ ।

ਉਹ ਹੰਝੂ ਅਸਮਾਨ ਦੇ ਨੇ
ਜਾਂ ਸ਼ਬਨਮ ਦੇ ਮੋਤੀ
ਗੁੰਮ ਹੋ ਜਾਂਦੇ ਨੇ ਕਿਥੇ
ਸਵੇਰ ਹੋ ਜਾਣ ਤੇ ?

# ਜੀਵਨ ਦਾ ਪੱਤਝੜ

ਤੇਰੀ ਢਲਦੀ ਜਵਾਨੀ,
ਨੈਣਾਂ ਹੇਠਲੀ ਸਿਆਹੀ,
ਤੇਰੇ ਮੂੰਹ ਤੇ ਪਈਆਂ ਝੁਰੜੀਆਂ,
ਤੇ ਟੁਟਦੇ ਹੋਏ ਦੰਦ,
ਇਹ ਕੰਬਦਾ ਜਿਸਮ,
ਤੇ ਨਿਰਾਸ਼ਾ ਦੇ ਬੱਦਲ,
ਇਹ ਡੁੱਬਦੀ ਅਵਾਜ਼,
ਇਹ ਆਹਾਂ ਤੇ ਆਹਾਂ,
ਤੇ ਹੰਝੂਆ ਦੀ ਧਾਰਾ
ਇਹ ਸਭ ਤੇਰੇ ਜੀਵਨ ਦੇ
ਪੱਤਝੜ ਦੀ ਗਾਥਾ ਏ ।

# ਸੰਝ ਢਲੇ

ਸੰਝ ਢਲੇ ਕੋਈ ਪੰਛੀ ਚਹਿਕੇ,
ਸਮਝ ਨਾ ਆਉਂਦੇ ਉਸਦੇ ਬੋਲ ।
ਪਰ ਇੰਝ ਜਾਪੇ ਜਿਵੇਂ ਉਹ,
ਮੇਰੇ ਹੀ ਦਿਲ ਦੀ ਗਲ ਕਹੇ ।

ਕਿਉਂ ਢਲ ਜਾਂਦਾ ਹੈ ਇਹ ਦਿਨ ?
ਕਿਉਂ ਢਲਦੀ ਏ ਜਵਾਨੀ ਹੋ ?
ਚੋਟੀ ਤੇ ਪੈ ਕੇ ਜਿਵੇਂ ਬਰਫ਼
ਢਲਦੀ ਏ ਬਣ ਕੇ ਪਾਣੀ ਹੋ ।

# ਇਹ ਖਿਝ

ਇਹ ਖਿਝ,
ਇਹ ਝੁੰਝਲਾਹਟ,
ਇਹ ਉਦਾਸੀ,
ਇਹ ਸਭ ਆਉਂਦੀਆਂ ਨੇ ਕਿਉਂ ?
ਮਨੁੱਖੀ ਮਨ ਤੇ ਇਹ
ਛਾ ਜਾਂਦੀਆਂ ਨੇ ਕਿਉਂ ?
ਨਾ ਚਾਹੁੰਦੇ ਵੀ ਮਾਨਵ ਕਿਉਂ
ਇਨ੍ਹਾਂ ਥੱਲੇ ਦੱਬ ਜਾਂਦਾ ਏ ?
ਫ਼ੇਰ ਇਸ ਦਲ-ਦਲ ਵਿਚ,
ਉਹ ਧਸਦਾ ਹੀ ਜਾਂਦਾ ਏ ।

ਹਾਏ ਇਹ ਕੇਹੀ ਮਜਬੂਰੀ ਏ
ਕਿ ਉਹ ਅਣਦੇਖੇ ਇਸ ਪਿੰਜਰੇ ਦੀ
ਹਨ੍ਹੇਰੀ ਚਾਰ ਦੀਵਾਰੀ ਵਿਚ
ਖ਼ੁਦ ਨੂੰ ਕੈਦੀ ਪਾਉਂਦਾ ਹੈ ।

# ਧੱਬੇ

ਚਿੱਟੀ ਚਾਦਰ,
ਉਸ ਤੇ ਇਕ ਧੱਬਾ
ਨਜ਼ਰ ਉਸ ਤੇ ਪੈ ਜਾਵੇ ।

ਜੀਵਨ ਦੀ
ਉਜਲੀ ਚਾਦਰ ਤਾਂ
ਧੱਬਿਆਂ ਨਾਲ ਹੀ ਭਰ ਜਾਵੇ ।

ਇਨ੍ਹਾਂ ਧੱਬਿਆਂ ਨੂੰ
ਧੋਂਦੇ ਧੋਂਦੇ
ਸਾਰੀ ਉਮਰ ਨਿਕਲ ਜਾਵੇ ।

# ਛਿਣ ਭੰਗੁਰ

ਕਿੰਨਾ ਛਿਣ ਭੰਗੁਰ ਜੀਵਨ ਹੈ ਇਹ
ਲਗਦਾ ਫ਼ਿਰ ਵੀ ਸਭ ਮੇਰਾ,
ਮੈਂ ਵੀ ਮੇਰਾ ਤੂੰ ਵੀ ਮੇਰਾ
ਸਮਝਾਂ ਚੌਗਿਰਦਾ ਈ ਮੇਰਾ ।

ਕਹਿੰਦੇ ਨੇ ਸਭ 'ਕੁਝ ਨਹੀਂ ਤੇਰਾ'
ਜੇ ਨਾ ਸਮਝਾਂ ਇਹ ਸਭ ਮੇਰਾ
ਤਾਂ ਕਿੰਝ ਜੀਵਨ ਜੀ ਸਕਦੀ ਹਾਂ
ਜੇ ਨਾ ਸਮਝਾਂ ਜੱਗ ਹੈ ਮੇਰਾ ?

# ਝੂਲੇ ਦਾ ਝੂਲਣ

ਹਰ ਨੁੱਕਰ ਤੇ ਟਿਕ ਜਾਂਦਾ ਏ
ਅਕਾਸ਼ ਜ਼ਿਮੀਂ ਤੇ,
ਆ ਜਾਣ ਤੇ ਉਸ ਨੁੱਕਰ ਦੇ
ਉਠ ਜਾਂਦਾ ਏ ਉਪਰ,

ਇਹ ਝੂਲੇ ਦਾ ਝੂਲਣ
ਤਾਂ ਸਦਾ ਹੁੰਦਾ ਰਿਹਾ ਏ,
ਇਹ ਉਪਰ ਤੇ ਹੇਠਾਂ ਵੀ
ਸਦਾ ਚਲਦਾ ਰਿਹਾ ਏ ।

# ਇਕ ਪੀੜ ਵੰਡੀ

ਇਕ ਪੀੜ ਉੱਠੀ,
ਇਕ ਪੀੜ ਵੰਡੀ,

ਇਕ ਚੀਸ ਉੱਠੀ,
ਇਕ ਹੂਕ ਉੱਠੀ ।

ਦੋ ਨੈਣ ਭਰੇ,
ਦੋ ਹੰਝੂ ਕਿਰੇ ।

ਦੋ ਬੁੱਲ੍ਹ ਹਿੱਲੇ,
ਕੁਝ ਹਾਉਕੇ ਉੱਠੇ ।

ਦੋ ਹੱਥ ਉਠਾ,
ਇਕ ਸੀਸ ਝੁਕਾ,

ਇਕ ਪੀੜ ਰੱਤਾ
ਦਿਲ ਰੋ ਪਿਆ ।

ਇਕ ਪਿਆਰ ਭਿੱਜਾ
ਦਿਲ ਤੜਪ ਗਿਆ ।

# ਇਹ ਪਰਛਾਵੇਂ

ਭੱਜ ਕੇ ਆਏ ਸੀ ਜਿਨ੍ਹਾਂ ਪਰਛਾਵਿਆਂ ਤੋਂ
ਅਸੀਂ ਇਸ ਦੁਨੀਆਂ ਵਿਚ,
ਉਹੀ ਪਰਛਾਵੇਂ ਪਿੱਛਾ ਕਰਦੇ ਰਹੇ ਨੇ
ਹਮੇਸ਼ ਅਸਾਂ ਦਾ,

ਇਨ੍ਹਾਂ ਪਰਛਾਵਿਆਂ ਦੀ ਛਾਂ 'ਚ
ਕਟ ਜਾਏਗੀ ਜ਼ਿੰਦਗੀ ਆਪਣੀ
ਤੇ ਮਰ ਕੇ ਸ਼ਾਇਦ ਖ਼ੁਦ ਵੀ
ਇਕ ਸਾਇਆ ਹੀ ਤਾਂ ਬਣ ਜਾਵਾਂਗੇ ।

# ਜੋਬਨ

ਮਦਮਸਤ ਜਿਹੇ ਜੋਬਨ ਵਿਚ,
ਹੱਸਦੇ ਹੋਏ ਜੋਬਨ ਵਿਚ,
ਕਲੀ ਫੁੱਲ ਬਣ
ਮਹਿਕ ਫੈਲਾਉਣ ਲੱਗੀ ।

ਕਿਲਕਾਰੀਆਂ ਬਣ ਕੇ ਹਾਸੇ,
ਸ਼ਰਾਰਤਾਂ ਅਦਾ ਬਣ ਗਈਆਂ,
ਅਖੀਆਂ ਨੈਣ ਬਣ ਕੇ,
ਤੀਰ ਵਰਸਾਉਣ ਲਗੀਆਂ ।

ਜ਼ੁਲਫ਼ ਲਹਿਰਾ ਉੱਠੀ,
ਨਜ਼ਰ ਸ਼ਰਮਾ ਉੱਠੀ,
ਬੁਲ੍ਹ ਵੀ ਥਿਰਕ ਕੇ
ਪ੍ਰੇਮ ਗੀਤ ਗਾਉਣ ਲੱਗੇ ।
ਦਿਲ ਵਿਚ ਇਕ ਚਿਣਗ ਜਾਗੀ,
ਇਕ ਨਵੀਂ ਉਮੰਗ ਜਾਗੀ,
ਜਿਸਮ ਵੀ ਇਕ ਨਸ਼ੇ 'ਚ
ਅੰਗੜਾਈ ਸੀ ਲੈਣ ਲੱਗਾ ।

ਇਕ ਸਮੇਂ ... ਕਦੀ ਕਦੀ ....
ਇਕ ਪਿਆਰ ਜਿਹਾ ਆਉਂਦਾ ਏ,
ਇਕ ਵਿਚਾਰ ਜਿਹਾ ਆਉਂਦਾ ਏ,
ਇਕ ਹਨ੍ਹੇਰੀ ਜਿਹੀ ਝੁੱਲਦੀ ਏ,
ਇਕ ਤੂਫ਼ਾਨ ਜਿਹਾ ਉੱਠਦਾ ਏ ....

ਕਿਤੇ ਇਹ ਜੋਬਨ ਦੀਆਂ
ਮਦਮਸਤ ਚਾਲਾਂ,
ਇਹ ਅਦਾਵਾਂ,
ਇਹ ਉਮੰਗਾਂ,
ਸਾਥੋਂ ਖੁਸ ਤਾਂ ਨਾ ਜਾਣਗੀਆਂ ??